TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਸੋਮਵਾਰ, 4 ਅਗਸਤ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 346 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਫੌਜੀ ਅਧਿਕਾਰੀ ਵੱਲੋਂ ਸਪਾਈਸਜੈੱਟ ਦੇ ਚਾਰ ਸਟਾਫ਼ ਮੈਂਬਰਾਂ 'ਤੇ ਹਮਲਾ

### ਯਾਤਰੀ ਨੇ ਘਸੁੰਨ ਮੁੱਕਿਆਂ ਨਾਲ ਹਮਲਾ ਕੀਤਾ

ਨਵੀਂ ਦਿੱਲੀ (ਲੋਕ ਬਾਣੀ)- ਸਪਾਈਸਜੈੱਟ ਏਅਰਲਾਈਨ ਨੇ ਇਕ ਯਾਤਰੀ ਵੱਲੋਂ ਸ੍ਰੀਨਗਰ ਹਵਾਈ ਅੱਡੇ 'ਤੇ ਉਸ ਦੇ ਚਾਰ ਮੁਲਾਜ਼ਮਾਂ 'ਤੇ ਹਮਲਾ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਏਅਰਲਾਈਨ ਦੇ ਤਰਜਮਾਨ ਨੇ ਕਿਹਾ ਕਿ ਇਹ ਘਟਨਾ 26 ਜੁਲਾਈ ਦੀ ਹੈ ਜਦੋਂ ਯਾਤਰੀ ਨੇ ਸ੍ਰੀਨਗਰ ਤੋਂ ਦਿੱਲੀ ਜਾ ਰਹੀ ਉਡਾਣ SG-386 ਦੀ ਬੋਰਡਿੰਗ ਦੌਰਾਨ ਗੇਟ 'ਤੇ ਸਪਾਈਸਜੈੱਟ ਦੇ ਚਾਰ ਮੁਲਾਜ਼ਮਾਂ 'ਤੇ ਕਥਿਤ ਹਮਲਾ ਕੀਤਾ। ਤਰਜਮਾਨ ਨੇ ਕਿਹਾ, "ਯਾਤਰੀ ਨੇ ਘਸੁੰਨ ਮੁੱਕਿਆਂ ਨਾਲ ਹਮਲਾ ਕੀਤਾ। ਉਹ ਲਗਾਤਾਰ ਠੁੱਡੇ ਮਾਰਦਾ ਰਿਹਾ ਤੇ ਉਸ ਨੇ ਹਮਲੇ ਲਈ ਕਿਊ ਸਟੈਂਡ ਵੀ ਵਰਤਿਆ, ਜਿਸ ਕਰਕੇ ਸਾਡੇ ਸਟਾਫ਼ ਮੈਂਬਰਾਂ ਦੀ ਰੀੜ੍ਹ ਦੀ ਹੱਡੀ ਵਿਚ ਫਰੈਕਚਰ ਤੇ ਜਬਾੜੇ ਉੱਤੇ ਗੰਭੀਰ ਸੱਟਾਂ ਲੱਗੀਆਂ ਹਨ।" ਤਰਜਮਾਨ ਨੇ ਦਾਅਵਾ ਕੀਤਾ ਕਿ ਸਪਾਈਸਜੈੱਟ ਦਾ ਇਕ ਮੁਲਾਜ਼ਮ ਬੇਸੁੱਧ ਹੋ ਕੇ ਜ਼ਮੀਨ ਉੱਤੇ ਡਿੱਗ ਪਿਆ, ਪਰ ਯਾਤਰੀ ਇਸ ਮੁਲਾਜ਼ਮ ਨੂੰ ਲਗਾਤਾਰ ਠੁੱਡੇ ਮਾਰਦਾ ਰਿਹਾ।" ਤਰਜਮਾਨ ਨੇ ਕਿਹਾ, "ਇਕ ਹੋਰ ਸਟਾਫ਼ ਮੈਂਬਰ, ਜਿਸ ਦੇ ਜਬਾੜੇ 'ਤੇ ਯਾਤਰੀ ਨੇ ਜ਼ੋਰ ਦੀ ਠੁੱਡ ਮਾਰਿਆ, ਦੇ ਨੱਕ ਤੇ ਮੂੰਹ 'ਚੋਂ ਖ਼ੂਨ ਵਗ ਰਿਹਾ ਸੀ। ਇਹ ਸਟਾਫ ਮੈਂਬਰ ਬੇਸੁਧ ਹੋ ਕੇ ਡਿੱਗੇ ਆਪਣੇ ਸਾਥੀ ਦੀ ਮਦਦ ਲਈ ਹੇਠਾਂ ਝੁਕਿਆ ਸੀ। ਇਨ੍ਹਾਂ ਜ਼ਖ਼ਮੀ ਮੁਲਾਜ਼ਮਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀਆਂ ਗੰਭੀਰ ਸੱਟਾਂ ਦਾ ਇਲਾਜ ਕੀਤਾ ਜਾ ਰਿਹਾ ਹੈ।" ਏਅਰਲਾਈਨਜ਼ ਨੇ ਦੱਸਿਆ ਕਿ ਯਾਤਰੀ, ਜੋ ਇੱਕ ਫੌਜੀ ਅਧਿਕਾਰੀ, ਕੁੱਲ 16 ਕਿਲੋਗ੍ਰਾਮ ਵਜ਼ਨ ਦੇ ਦੋ ਕੈਬਿਨ ਬੈਗੇਜ ਲੈ ਕੇ ਜਾ ਰਿਹਾ ਸੀ। ਜੋ ਕਿ 7 ਕਿਲੋਗ੍ਰਾਮ ਦੀ ਨਿਰਧਾਰਿਤ ਹੱਦ ਨਾਲੋਂ ਦੁੱਗਣੇ ਤੋਂ ਵੀ ਵੱਧ ਸੀ।



## ਪੰਜਾਬ ਸਰਕਾਰ ਨੇ ਕੱਢੀਆਂ ਬੰਪਰ ਨੌਕਰੀਆਂ

ਚੰਡੀਗੜ੍ਹ (ਲੋਕ ਬਾਣੀ)-ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਨੇ ਗਰੁੱਪ-2 ਦੀਆਂ ਅਸਾਮੀਆਂ ਲਈ ਬੰਪਰ ਭਰਤੀ ਜਾਰੀ ਕੀਤੀ ਹੈ। ਚੋਣ ਬੋਰਡ ਨੇ ਇਸ਼ਤਿਹਾਰ ਨੰਬਰ 05/2025 ਦੇ ਤਹਿਤ 368 ਗਰੁੱਪ ਬੀ ਦੀਆਂ ਅਸਾਮੀਆਂ ਲਈ ਭਰਤੀ ਜਾਰੀ ਕੀਤੀ ਹੈ। ਦੱਸ ਦਈਏ ਕਿ ਖਾਲੀ ਅਸਾਮੀਆਂ ਵਿੱਚ ਸੀਨੀਅਰ ਸਹਾਇਕ, ਜੂਨੀਅਰ ਆਡੀਟਰ (ਸਥਾਨਕ ਆਡਿਟ), ਜੂਨੀਅਰ ਆਡੀਟਰ ਖਜ਼ਾਨਾ ਅਤੇ ਲੇਖਾ, ਜ਼ਿਲ੍ਹਾ ਖਜ਼ਾਨਚੀ, ਖਜ਼ਾਨਾ ਅਧਿਕਾਰੀ, ਉਪ ਮੰਡਲ ਅਧਿਕਾਰੀ ਸਿਵਲ, ਸੈਕਸ਼ਨ ਅਧਿਕਾਰੀ ਸਿਵਲ ਅਤੇ ਸੈਕਸ਼ਨ ਅਧਿਕਾਰੀ ਇਲੈਕਟਰੀਕਲ ਵਰਗੀਆਂ ਅਸਾਮੀਆਂ ਸ਼ਾਮਲ ਹਨ। ਤੁਸੀਂ ਇਸ ਭਰਤੀ ਲਈ 22 ਜੁਲਾਈ ਤੋਂ 18 ਅਗਸਤ 2025 ਤੱਕ sssb.punjab.gov.in 'ਤੇ ਜਾ ਕੇ ਅਰਜ਼ੀ ਦੇ ਸਕਦੇ ਹੋ।




## ਇਜ਼ਰਾਇਲੀ ਫ਼ੌਜ ਵੱਲੋਂ 18 ਫਲਸਤੀਨੀਆਂ ਦੀ ਹੱਤਿਆ

ਗਾਜ਼ਾ ਪੱਟੀ (ਲੋਕ ਬਾਣੀ)-ਇਜ਼ਰਾਇਲੀ ਫ਼ੌਜ ਵੱਲੋਂ ਅੱਜ ਗਾਜ਼ਾ ਵਿੱਚ ਘੱਟੋ-ਘੱਟ ਡੇਢ ਦਰਜਨ ਤੋਂ ਵੱਧ ਫਲਸਤੀਨੀਆਂ ਨੂੰ ਕਤਲ ਕਰ ਦਿੱਤਾ। ਮਰਨ ਵਾਲਿਆਂ ਵਿੱਚੋਂ ਅੱਠ ਭੋਜਨ ਦੀ ਭਾਲ 'ਚ ਵੰਡ ਕੇਂਦਰਾਂ ਤੱਕ ਆਏ ਹੋਏ ਸਨ। ਇਹ ਜਾਣਕਾਰੀ ਗਾਜ਼ਾ ਦੇ ਹਸਪਤਾਲਾਂ ਨੇ ਦਿੱਤੀ। ਫਲਸਤੀਨੀ ਲੋਕ ਪਾਬੰਦੀਆਂ ਦੇ ਬਾਵਜੂਦ ਭੋਜਨ ਲੱਭਣ ਦੇ ਆਪਣੇ ਯਤਨਾਂ ਵਿੱਚ ਕਾਫ਼ੀ ਜ਼ਿਆਦਾ ਖ਼ਤਰੇ ਲੈ ਰਹੇ ਹਨ। ਗਾਜ਼ਾ ਹਿਊਮੈਨੀਟੇਰੀਅਨ ਫਾਊਂਡੇਸ਼ਨ (ਜੀਐੱਚਐੱਚ) ਦੇ ਇੱਕ ਵੰਡ ਕੇਂਦਰ ਨੇੜੇ ਯਾਹੀਆ ਯੂਸਫ਼ ਜੋ ਅੱਜ ਸਵੇਰੇ ਸਹਾਇਤਾ ਸਮੱਗਰੀ ਲੈਣ ਆਇਆ ਸੀ, ਨੇ ਭਿਆਨਕ ਦ੍ਰਿਸ਼ ਦਾ ਵਰਣਨ ਕੀਤਾ ਜੋ ਹੁਣ ਆਮ ਹੋ ਗਿਆ ਹੈ। ਉਸ ਨੇ ਦੱਸਿਆ ਕਿ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋਏ ਤਿੰਨ ਵਿਅਕਤੀਆਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਨ ਤੋਂ ਬਾਅਦ ਉਸ ਨੇ ਆਲੇ-ਦੁਆਲੇ ਕਈ ਹੋਰਾਂ ਨੂੰ ਜ਼ਮੀਨ 'ਤੇ ਖ਼ੂਨ ਨਾਲ ਲਥਪਥ ਪਿਆ ਦੇਖਿਆ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਅੱਜ ਇਜ਼ਰਾਇਲੀ ਹਵਾਈ ਹਮਲਿਆਂ ਅਤੇ ਗੋਲੀਬਾਰੀ ਵਿੱਚ ਘੱਟੋ-ਘੱਟ 18 ਫਲਸਤੀਨੀ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ ਤਿੰਨ ਦੀਆਂ ਲਾਸ਼ਾਂ ਨੂੰ ਇੱਕ ਵੰਡ ਕੇਂਦਰ ਦੇ ਆਸ-ਪਾਸ ਤੋਂ 36 ਹੋਰ ਜ਼ਖ਼ਮੀਆਂ ਦੇ ਨਾਲ ਕੇਂਦਰੀ ਗਾਜ਼ਾ ਦੇ ਇਕ ਹਸਪਤਾਲ ਲਿਜਾਇਆ ਗਿਆ।

## ਤੇਲੰਗਾਨਾ ਵਿੱਚ ਰੇਲ ਸਫਰ ਦੌਰਾਨ ਨੌਜਵਾਨ ਦੀ ਭੇਤ ਭਰੇ ਹਲਾਤਾਂ ਵਿੱਚ ਮੌਤ

### ਵਿਦੇਸ਼ ਜਾਣ ਲਈ ਚੇਨਈ ਤੋਂ ਫਲਾਈਟ ਵਿੱਚ ਸਵਾਰ ਹੋਣ ਲਈ ਜਾ ਰਿਹਾ ਸੀ

ਨਵੀਂ ਦਿੱਲੀ (ਲੋਕ ਬਾਣੀ)-ਵਿਦੇਸ਼ ਜਾਣ ਲਈ ਚੇਨਈ ਤੋਂ ਫਲਾਈਟ ਵਿੱਚ ਸਵਾਰ ਹੋਣ ਲਈ ਜਾ ਰਹੇ ਪਿੰਡ ਮੁੱਲਾਂਵਾਲ ਦੇ ਇੱਕ 21 ਸਾਲਾਂ ਦੇ ਨੌਜਵਾਨ ਦੀ ਰੇਲ ਸਫ਼ਰ ਦੌਰਾਨ ਤੇਲੰਗਾਨਾ ਦੇ ਸ਼ਹਿਰ ਖੰਮਮ ਕੋਲ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਮ੍ਰਿਤਕ ਪਲਵਿੰਦਰ ਸਿੰਘ ਪਰਿਵਾਰ ਅਨੁਸਾਰ ਪਲਵਿੰਦਰ ਸਿੰਘ ਪਹਿਲਾਂ ਵੀ ਇੱਕ ਵਾਰ ਯੂਰਪ ਨੇੜਲੇ ਅਰਮੀਨੀਆ ਮੁਲਕ ਵਿੱਚ ਕੁਝ ਸਮਾਂ ਨੌਕਰੀ ਕਰਕੇ ਘਰ ਪਰਤਿਆ ਸੀ ਅਤੇ ਹੁਣ ਉਹ 30 ਜੁਲਾਈ ਨੂੰ ਇੱਕ ਵਾਰ ਫਿਰ ਅਰਮੀਨੀਆ ਜਾਣ ਲਈ ਘਰੋਂ ਨਿਕਲਿਆ ਸੀ। ਪਿਤਾ ਹਰਦੀਪ ਸਿੰਘ ਨੇ ਦੱਸਿਆ ਕਿ ਪਲਵਿੰਦਰ ਸਿੰਘ ਨੇ ਦਿੱਲੀ ਤੋਂ ਆਪਣਾ ਪਾਸਪੋਰਟ ਲੈ ਕੇ ਚੇਨਈ ਵੱਲ ਨੂੰ ਰੇਲ ਦਾ ਸਫਰ ਸ਼ੁਰੂ ਕੀਤਾ ਸੀ । ਇਸ ਦੌਰਾਨ ਜਿਵੇਂ ਸ਼ਹਿਰ ਵਿਜੇਵਾੜਾ ਨੇੜੇ ਖੰਮਮ ਕਸਬੇ ਨੇੜੇ ਪਹੁੰਚਿਆ ਉਸਦੀ ਮੌਤ ਹੋ ਗਈ। ਤੇਲੰਗਾਨਾ ਦੇ ਪੰਜਾਬੀ ਲੋਕਾਂ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਇਸ ਮੌਤ ਦੀ ਖ਼ਬਰ ਦਿੱਤੀ। ਪਰ ਮੌਤ ਦੇ ਕਾਰਨਾਂ ਦਾ ਅਜੇ ਤੱਕ ਨਹੀਂ ਪਤਾ ਲੱਗ ਸਕਿਆ। ਇਸ ਮੌਕੇ ਸਾਬਕਾ ਸਰਪੰਚ ਬਲਵਿੰਦਰ ਸਿੰਘ, ਮ੍ਰਿਤਕ ਦੇ ਮਾਮਾ ਦਲਵਿੰਦਰ ਸਿੰਘ ਅਤੇ ਕਿਸਾਨ ਆਗੂ ਸੁਖਵਿੰਦਰ ਸਿੰਘ ਮੁੱਲਾਂਵਾਲ ਨੇ ਕਿਹਾ ਕਿ ਪਰਿਵਾਰ ਦੀ ਆਰਥਿਕ ਹਾਲਤ ਬਹੁਤ ਕਮਜ਼ੋਰ ਹੈ।ਪੰਜਾਬ ਸਰਕਾਰ ਪਲਵਿੰਦਰ ਮ੍ਰਿਤਕ ਦੇਹ ਨੂੰ ਪਿੰਡ ਲਿਆਉਣ ਲਈ ਪਰਿਵਾਰ ਦਾ ਸਹਿਯੋਗ ਕਰੇ।



## ਕਿਸੇ ਵੀ ਪਾਰਟੀ ਨੇ ਹਾਲੇ ਤੱਕ ਬਿਹਾਰ ਵੋਟਰ ਖਰੜਾ ਸੂਚੀ 'ਚ ਨਾਮ ਸ਼ਾਮਲ ਕਰਵਾਉਣ ਜਾਂ ਹਟਾਉਣ ਦੀ ਮੰਗ ਨਹੀਂ ਕੀਤੀ : ਇਲੈਕਸ਼ਨ ਕਮਿਸ਼ਨ

ਨਵੀਂ ਦਿੱਲੀ (ਲੋਕ ਬਾਣੀ)-ਚੋਣ ਕਮਿਸ਼ਨ Election Commission ਨੇ ਅੱਜ ਕਿਹਾ ਕਿ ਹਾਲੇ ਤੱਕ ਕਿਸੇ ਵੀ ਪਾਰਟੀ ਨੇ ਬਿਹਾਰ 'ਚ ਲੰਘੀ 1 ਅਗਸਤ ਨੂੰ ਪ੍ਰਕਾਸ਼ਿਤ ਹੋਈ ਵੋਟਰ ਖਰੜਾ ਸੂਚੀ 'ਚ ਕੋਈ ਨਾਮ ਸ਼ਾਮਲ ਕਰਨ ਜਾਂ ਹਟਾਉਣ ਦੀ ਮੰਗ ਲਈ ਉਸ ਕੋਲ ਪਹੁੰਚ ਨਹੀਂ ਕੀਤੀ। ਚੋਣ ਕਮਿਸ਼ਨ ਨੇ ਕਿਹਾ ਕਿ 1 ਅਗਸਤ ਬਾਅਦ ਦੁਪਹਿਰ 3 ਵਜੇ ਤੋਂ ਲੈ ਕੇ 3 ਅਗਸਤ (ਐਤਵਾਰ) ਦੌਰਾਨ ਇਤਰਾਜ਼ ਜਾਂ ਦਾਅਵੇ ਤਹਿਤ ਉਸ ਨੂੰ ਕੋਈ ਵੀ ਮੰਗ ਨਹੀਂ ਪ੍ਰਾਪਤ ਨਹੀਂ ਹੋਈ। ਪਰ ਵਿਅਕਤੀਗਤ ਤੌਰ 'ਤੇ ਵੋਟਰਾਂ ਨੇ ਵੋਟਰਾਂ ਤੋਂ ਵੋਟਰ ਸੂਚੀ ਵਿਚੋਂ ਨਾਮ ਸ਼ਾਮਲ ਕਰਨ ਜਾਂ ਅਯੋਗ ਲੋਕਾਂ ਦੇ ਨਾਮ ਹਟਾਉਣ ਲਈ 941 ਦਾਅਵੇ ਤੇ ਇਤਰਾਜ਼ ਪ੍ਰਾਪਤ ਹੋਏ ਹਨ। ਰਾਜਨੀਤਕ ਪਾਰਟੀਆ ਅਤੇ ਵੋਟਰਾਂ ਕੋਲ ਵੋਟਰ ਸੂਚੀ 'ਚ ਨਾਮ ਸ਼ਾਮਲ ਕਰਵਾਉਣ ਜਾਂ ਹਟਾਉਣ ਸਬੰਧੀ ਮੰਗ ਲਈ 1 ਸਤੰਬਰ ਤੱਕ ਦਾ ਸਮਾਂ ਹੈ। ਬਿਹਾਰ ਵਿੱਚ ਵੋਟਰ ਸੂਚੀਆਂ ਦੀਆਂ ਚੱਲ ਰਹੀ ਵਿਸ਼ੇਸ਼ ਪੜਤਾਲ special intensive revision (SIR) ਨੂੰ ਲੈ ਕੇ ਵਿਰੋਧੀ ਪਾਰਟੀਆਂ ਵੱਲੋਂ ਚੋਣ ਕਮਿਸ਼ਨ 'ਤੇ ਤਿੱਖੇ ਹਮਲਾ ਕੀਤੇ ਹਨ ਅਤੇ ਦੋਸ਼ ਲਾਇਆ ਹੈ ਕਿ ਦਸਤਾਵੇਜ਼ ਨਾ ਹੋਣ ਕਾਰਨ ਕਰੋੜਾਂ ਯੋਗ ਵੋਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਜਾਵੇਗਾ।

**ਅਯੋਗ ਲੋਕਾਂ ਦੇ ਨਾਮ ਹਟਾਉਣ ਲਈ 941 ਦਾਅਵੇ ਤੇ ਇਤਰਾਜ਼ ਪ੍ਰਾਪਤ ਹੋਏ**




1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜਰੂਰ ਚੈਕ ਕਰੋ ਫਿਰ ਅਪਲਾਈ ਕਰੋ

# ਅਖਿਲ ਭਾਰਤੀ ਵਾਲਮੀਕੀ ਮਹਾਸਭਾ ਦਾ 18ਵਾਂ ਦੋ ਦਿਨਾਂ ਦਾ ਰਾਸ਼ਟਰੀ ਅਧਿਵੇਸ਼ਨ ਸ਼ੁਰੂ

ਇਟਾਰਸੀ/ਜਲੰਧਰ, ਲੋਕ ਬਾਣੀ: ਅਖਿਲ ਭਾਰਤੀ ਵਾਲਮੀਕੀ ਮਹਾਸਭਾ ਦਾ 18ਵਾਂ ਦੋ ਦਿਨਾਂ ਦਾ ਰਾਸ਼ਟਰੀ ਅਧਿਵੇਸ਼ਨ ਮੱਧ ਪ੍ਰਦੇਸ਼ ਦੇ ਇਟਾਰਸੀ ਜ਼ਿਲ੍ਹੇ ਵਿੱਚ ਸ਼ਨੀਵਾਰ ਨੂੰ ਸ਼ੁਰੂ ਹੋਇਆ। ਇਸ ਕਾਰਜਕ੍ਰਮ ਦੀ ਅਧਿਆਕਸ਼ਤਾ ਉੱਜੈਨ ਤੋਂ ਰਾਜ ਸਭਾ ਸੰਸਦ ਮੈਂਬਰ ਪਰਮ ਸ੍ਰੱਧਾ ਗੁਰੂ ਜੀ ਬਾਲ ਯੋਗੀ ਉਮੇਸ਼ ਨਾਥ ਜੀ ਮਹਾਰਾਜ ਨੇ ਕੀਤੀ। ਉਨ੍ਹਾਂ ਨੇ ਸਮਾਜ ਨੂੰ ਸਨੇਹਾ ਦਿੱਤਾ ਕਿ ਮੇਰੀ ਜ਼ਿੰਦਗੀ ਵਾਲਮੀਕੀ ਸਮਾਜ ਦੀ ਸੇਵਾ ਲਈ ਸਮਰਪਿਤ ਹੈ। ਦੇਸ਼ ਦੇ ਹਰ ਜ਼ਿਲ੍ਹੇ ਵਿੱਚ ਇਹ ਮਕਸਦ ਲੈ ਕੇ ਜਾ ਰਿਹਾ ਹਾਂ ਕਿ ਅੱਧੀ ਰੋਟੀ ਖਾਵਾਂਗੇ, ਬੱਚਿਆਂ ਨੂੰ ਪੜ੍ਹਾਵਾਂਗੇ। ਵੱਡਾ ਆਦਮੀ ਬਣਾਂਗੇ, ਝਾੜੂ ਨਹੀਂ ਲਗਾਵਾਂਗੇ। ਅਧਿਵੇਸ਼ਨ ਵਿੱਚ ਅਖਿਲ ਭਾਰਤੀ ਵਾਲਮੀਕੀ ਮਹਾਸਭਾ ਦੇ ਰਾਸ਼ਟਰੀ ਮਹਾਸਚਿਵ ਰਾਜੋਂਦਰ ਅਜੈ ਪਦਮ, ਰਾਸ਼ਟਰੀ ਉਪ ? ? ?ਆਕਸ਼ ਰਤਨ ਡਾਗਰ, ਪ੍ਰਦੇਸ਼ ਉਪਾਧਿਆਕਸ਼ ਮੁਕੇਸ਼ ਧੌਲਪੁਰ, ਪ੍ਰਦੇਸ਼ ਮਹਾਸਚਿਵ ਨਵੀਨ ਚੰਦੈਲ ਅਤੇ ਪ੍ਰਦੇਸ਼ ਸੰਗਠਨ ਮੰਤਰੀ ਓਮਪ੍ਰਕਾਸ਼ ਪਰੋਚੀਆ ਵੱਲੋਂ ਪੰਜਾਬ ਦੇ ਅਧਿਕਾਰੀਆਂ ਦੇ ਨਾਲ ਗੁਰੂ ਜੀ ਬਾਲ ਯੋਗੀ ਉਮੇਸ਼ ਨਾਥ ਜੀ ਮਹਾਰਾਜ ਦਾ ਵੱਡੀ ਪੁਸ਼ਪਮਾਲਾ ਪਾ ਕੇ ਸਵਾਗਤ ਕੀਤਾ ਗਿਆ।



# ਠੇਕੇਦਾਰ ਲਾਲ ਸਿੰਘ ਦੇ ਮਾਤਾ ਸੰਤ ਕੌਰ 105 ਸਾਲ ਦੀ ਉਮਰ ਵਿੱਚ ਦੁਨੀਆ ਨੂੰ ਅਲਵਿਦਾ ਆਖ ਗਏ

## ਪਿੰਡ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਦੇ ਗੁਰਦੁਆਰਾ ਨਾਨਕ ਦਰਵਾਰ ਸਾਹਿਬ ਵਿਖੇ ਮਾਤਾ ਸੰਤ ਕੌਰ ਨੂੰ ਵੱਖ ਵੱਖ ਆਗੂਆਂ ਨੇ ਦਿੱਤੀ ਨਮਿਤ ਸ਼ਰਧਾਂਜ਼ਲੀ

ਜੇ ਕੇ ਬੱਤਾ ਖਰੜ, ਠੇਕੇਦਾਰ ਲਾਲ ਸਿੰਘ ਦੇ ਮਾਤਾ ਸੰਤ ਕੌਰ 105 ਸਾਲ ਦੀ ਉਮਰ ਵਿੱਚ ਦੁਨੀਆ ਨੂੰ ਅਲਵਿਦਾ ਆਖ ਗਏ ਸੀ ਜਿਨ੍ਹਾਂ ਦੇ ਨਮਿੱਤ ਸ਼ਰਧਾਂਜ਼ਲੀ ਸਮਾਗਮ ਅੱਜ ਪਿੰਡ ਮੁੱਲਾਂਪੁਰ ਗਰੀਬਦਾਸ ਨਿਊ ਚੰਡੀਗੜ੍ਹ ਦੇ ਗੁਰਦੁਆਰਾ ਨਾਨਕ ਦਰਵਾਰ ਸਾਹਿਬ ਵਿਖੇ ਕਰਵਾਇਆ ਗਿਆ। ਇਸ ਸਬੰਧੀ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਗਿਆਨੀ ਹਿੰਮਤ ਸਿੰਘ ਭਾਈ ਭੁਪਿੰਦਰ ਸਿੰਘ ਭਿੰਦੇ ਦੇ ਜੱਥੇ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਤੇ ਪਰਿਵਾਰ ਨੂੰ ਭਾਣਾ ਮੰਨਣ ਦੀ ਪ੍ਰੇਰਨਾ ਦਿੱਤੀ। ਇਸ ਉਪਰੰਤ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ ਦੇ ਸਪੁੱਤਰ ਨਵਦੀਪ ਸਿੰਘ ,ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਪੰਜਾਬ ਗਊ ਸੇਵਾ ਕਮਿਸ਼ਨ ਦੇ ਸਾਬਕਾ ਉਪ ਚੇਅਰਮੈਨ ਕਮਲ ਜੀਤ ਸਿੰਘ ਚਾਵਲਾ,ਕਾਂਗਰਸ ਜ਼ਿਲਾ ਪ੍ਰਧਾਨ ਰਣਜੀਤ ਸਿੰਘ ਜੀਤੀ,ਭਾਜਪਾ ਆਗੂ ਚੌਧਰੀ ਅਰਜਨ ਕਾਂਸਲ, ਭਾਜਪਾ ਆਗੂ ਜਰਨੈਲ ਸੈਣੀ, ਸਰਪੰਚ ਜਤਿੰਦਰ ਸਿੰਘ ਸਾਬਕਾ ਸਰਪੰਚ ਮਦਨ ਸਿੰਘ ਮਾਣਕਪੁਰ ਸ਼ਰੀਫ਼, ਸਤਬੀਰ ਸਿੰਘ ਸੱਤੀ , ਹਰਨੇਕ ਸਿੰਘ ਤਕੀਪੁਰ, ਰਾਮ ਸਿੰਘ ਮਾਣਕਪੁਰ ਸ਼ਰੀਫ, ਸਰਪੰਚ ਗੁਰਿੰਦਰ ਸਿੰਘ ਤਕੀਪੁਰ ,ਬਲਾਕ ਸੰਮਤੀ ਮੈਂਬਰ ਸਤੀਸ਼ ਸ਼ਰਮਾ, ਗੁਰਦੁਆਰਾ ਨਾਨਕ ਦਰਬਾਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇਸ਼ਰਾਜ ਸਿੰਘ, ਗਿਆਨੀ ਭਾਗ ਸਿੰਘ, ਐਡਵੋਕੇਟ ਨਵਰਾਜ ਸਿੰਘ ,ਦਮਨਜੀਤ ਸਿੰਘ ਧਾਲੀਵਾਲ ,ਪੀ ਕੇ ਠਾਕੁਰ ,ਮਨਪ੍ਰੀਤ ਸਿੰਘ ,ਕੇਹਰ ਸਿੰਘ ,ਜਤਿੰਦਰ ਪਾਲ ਸਿੰਘ, ਜਸਵਿੰਦਰ ਸਿੰਘ ,ਜਸਵੰਤ ਸਿੰਘ ਬੁੱਗਾ, ਗੌਰਵ ਸ਼ਰਮਾ ਪੰਚ ,ਮੋਹਿਤ ਜੰਡ ਪੰਚ ,ਪਰਮਿੰਦਰ ਸਿੰਘ ਪੰਮਾ ਪੰਚ ,ਜਗਤਾਰ ਸਿੰਘ ਪੰਚ, ਕਮਲਦੀਪ ਸਿੰਘ ,ਹਰਦੀਪ ਸਿੰਘ ਵਿੱਕੀ, ਸਤਨਾਮ ਸਿੰਘ, ਬਿਕਰਮ ਸਿੰਘ ਸਮੇਤ ਵੱਡੀ ਗਿਣਤੀ ਚ ਇਲਾਕੇ ਭਰ ਦੇ ਸਰਪੰਚ , ਪੰਚ , ਕਿਸਾਨ ਆਗੂ , ਸਿਆਸੀ ਤੇ ਧਾਰਮਿਕ ਆਗੂਆਂ ਨੇ ਸ਼ਰਧਾਂਜ਼ਲੀ ਭੇਂਟ ਕਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।



# ਐਸ.ਸੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਭੱਟੀਆਂ (ਖੰਨਾ) ’ਚ ਸੁਣੀਆਂ ਲੋਕਾਂ ਦੀਆਂ ਸ਼ਿਕਾਇਤਾਂ

## ਸੰਵਿਧਾਨ ਦੇ ਹੱਕਾਂ ਬਾਰੇ ਲੋਕਾਂ ਨੂੰ ਕੀਤਾ ਗਿਆ ਜਾਗਰੂਕ: ਚੇਅਰਮੈਨ ਐਸ.ਸੀ ਕਮਿਸ਼ਨ

ਖੰਨਾ, (ਲੁਧਿਆਣਾ), ( ਸੁਖਚੈਨ ਮਹਿਰਾ)ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ 134ਵੇਂ ਜਨਮ ਦਿਨ ਨੂੰ ਸਮਰਪਿਤ ਸੰਵਿਧਾਨ ਬਾਰੇ ਜਾਗ੍ਰਤੀ ਸਮਾਗਮ ਗੁਰੂ ਰਵਿਦਾਸ ਧਰਮਸ਼ਾਲਾ, ਭੱਟੀਆਂ, ਖੰਨਾ ਵਿਖੇ ਕਰਵਾਇਆ ਗਿਆ। ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਇਸ ਸਮਾਗਮ ਵਿਚ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਉਚੇਚੇ ਤੌਰ ’ਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਸਬੰਧਤ ਲੋਕਾਂ ਦੀਆਂ ਵੱਖ-ਵੱਖ ਵਿਭਾਗਾਂ ਵਿਚ ਪੈਂਡਿੰਗ ਪਈਆਂ ਸ਼ਿਕਾਇਤਾਂ ਅਤੇ ਮੁਸ਼ਕਲਾਂ ਵੀ ਸੁਣੀਆਂ। ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵੱਲੋਂ ਸ਼ਿਕਾਇਤਕਰਤਾ ਦੀਆਂ ਸ਼ਿਕਾਇਤਾਂ ਸੁਣਨ ਉਪਰੰਤ ਉਨ੍ਹਾਂ ਕਿਹਾ ਕਿ ਇਹਨਾਂ ਸਾਰੀਆਂ ਸ਼ਿਕਾਇਤਾਂ ਦੀ ਚੰਗੀ ਤਰ੍ਹਾਂ ਨਿਰਪੱਖ ਜਾਂਚ ਕਾਰਵਾਈ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀ ਨਾਲ ਕੋਈ ਬੇਇਨਸਾਫੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਜਲਦ ਹੀ ਉਨ੍ਹਾਂ ਦੀ ਸ਼ਿਕਾਇਤਾਂ ਦਾ ਨਿਪਟਾਰਾ ਕਰਕੇ ਬਣਦਾ ਇਨਸਾਫ ਦਵਾਇਆ ਜਾਵੇਗਾ।



# ਕਾਨਪੁਰ ਵਿੱਚ ਫ਼ੋਨ ’ਤੇ ਧਮਕੀ ਤੋਂ ਬਾਅਦ ਨੌਜਵਾਨ ਦਾ ਕਤਲ, ਪੁਲਿਸ ਜਾਂਚ ਕਰ ਰਹੀ ਹੈ

ਸੁਨੀਲ ਬਾਜਪਾਈ, ਕਾਨਪੁਰ। ਜ਼ਿਲ੍ਹੇ ਵਿੱਚ ਨੌਜਵਾਨਾਂ ਦੇ ਕਤਲਾਂ ਦਾ ਸਿਲਸਿਲਾ ਜਾਰੀ ਹੈ, ਜਿਸ ਵਿੱਚ ਫ਼ੋਨ ’ਤੇ ਧਮਕੀ ਤੋਂ ਬਾਅਦ ਇੱਕ ਹੋਰ ਨੌਜਵਾਨ ਦੀ ਹੱਤਿਆ ਕਰ ਦਿੱਤੀ ਗਈ। ਉਸਦੀ ਬਰਾਮਦ ਲਾਸ਼ ਨੂੰ ਪੋਸਟਮਾਰਟਮ ਲਈ ਭੇਜਣ ਤੋਂ ਬਾਅਦ, ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ। ਪੁਲਿਸ ਅਨੁਸਾਰ, ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਤਲ ਕਿਉਂ ਅਤੇ ਕਿਸ ਕਾਰਨ ਕਰਕੇ ਕੀਤਾ ਗਿਆ। ਇਹ ਘਟਨਾ ਮਹਾਰਾਜਪੁਰ ਥਾਣਾ ਖੇਤਰ ਦੀ ਹੈ, ਜਿੱਥੇ ਸਰਸੌਲ ਕਸਬੇ ਦੇ ਭੇਵਾਲੀ ਮੋੜ ਨੇੜੇ ਇੱਕ ਨੌਜਵਾਨ ਦੀ ਲਾਸ਼ ਸ਼ੱਕੀ ਹਾਲਾਤਾਂ ਵਿੱਚ ਪਈ ਮਿਲੀ। ਪੁਲਿਸ ਨੇ ਦੱਸਿਆ ਕਿ ਬਾਅਦ ਵਿੱਚ ਮ੍ਰਿਤਕ ਦੀ ਪਛਾਣ ਸ਼ਿਵਮ ਕੁਸ਼ਵਾਹਾ ਉਰਫ਼ ਰਾਮਪਤ ਵਜੋਂ ਹੋਈ, ਜੋ ਕਿ ਸਿੱਖਤੀਆ ਪਿੰਡ ਦਾ ਰਹਿਣ ਵਾਲਾ ਸੀ। ਪੁਲਿਸ ਅਨੁਸਾਰ, ਮੌਤ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋ ਸਕਿਆ ਹੈ। ਮ੍ਰਿਤਕ ਦੇ ਪਿਤਾ ਬਾਵਨ ਨੇ ਦੱਸਿਆ ਕਿ ਸ਼ਿਵਮ ਨੂੰ ਕੁਝ ਲੋਕਾਂ ਵੱਲੋਂ ਫ਼ੋਨ ’ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਸਨ, ਜਿਸ ਬਾਰੇ ਉਸਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੀ ਸੂਚਿਤ ਕੀਤਾ ਸੀ। ਪੁਲਿਸ ਅਨੁਸਾਰ, ਸ਼ਿਵਮ ਪਹਿਲਾਂ ਲਾਈਨਮੈਨ ਵਜੋਂ ਕੰਮ ਕਰਦਾ ਸੀ, ਪਰ ਇੱਕ ਸਾਲ ਪਹਿਲਾਂ ਉਸਨੂੰ ਪਾਵਰ ਹਾਊਸ ਵਿੱਚ ਚੋਰੀ ਦੇ ਦੋਸ਼ ਵਿੱਚ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ। ਜਿਸ ਤੋਂ ਬਾਅਦ ਉਹ ਸ਼ਰਾਬ ਦਾ ਆਦੀ ਹੋ ਗਿਆ। ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਘਟਨਾ ਵਿੱਚ ਉਸਦੇ ਪਰਿਵਾਰ ਵਿੱਚ ਹਫੜਾ-ਦਫੜੀ ਹੈ। ਪੁਲਿਸ ਨੇ ਕਿਹਾ ਕਿ ਘਟਨਾ ਦੀ ਜਾਂਚ ਕਰਨ ਤੋਂ ਬਾਅਦ ਦੋਸ਼ੀ ਨੂੰ ਜਲਦੀ ਹੀ ਜੇਲ੍ਹ ਭੇਜ ਦਿੱਤਾ ਜਾਵੇਗਾ।



# ਡਰੇਨਾਂ ਵਿੱਚ ਬਰਸਾਤੀ ਪਾਣੀ ਦਾ ਪੱਧਰ ਵਧਣ ਤੇ ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਨਿਗਰਾਨੀ ਰੱਖਣ ਦੇ ਆਦੇਸ਼

## ਸਾਬੂਆਣਾ ਡਰੇਨ ਵਿੱਚ ਆਏ ਬਰੀਚ ਦਾ ਜਾਇਜਾ ਲੈਣ ਐਸਡੀਐਮ ਫਾਜਿਲਕਾ ਪਹੁੰਚੇ

ਫਾਜ਼ਿਲਕਾ (ਲੋਕ ਬਾਣੀ)- ਜ਼ਿਲ੍ਹਾ ਫਾਜ਼ਿਲਕਾ ਅਤੇ ਆਲੇ ਦੁਆਲੇ ਪਈਆਂ ਬਰਸਾਤਾਂ ਦੇ ਮੱਦੇਨਜ਼ਰ ਡਰੇਨਾਂ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਸਾਬੂਆਣਾ ਡਰੇਨ ਵਿੱਚ ਬਰੀਚ( ਸਮਰੱਥਾ ਤੋਂ ਵੱਧ ਪਾਣੀ) ਹੋ ਗਿਆ ਸੀ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਤੇ ਐਸਡੀਐਮ ਫਾਜ਼ਿਲਕਾ ਮੈਡਮ ਵੀਰਪਾਲ ਕੌਰ ਸਥਿਤੀ ਦਾ ਜਾਇਜਾ ਲੈਣ ਲਈ ਸਾਬੂਆਣਾ ਡਰੇਨ ਪਹੁੰਚ੍ਹੇ ਉਹਨਾਂ ਤੁਰੰਤ ਕਾਰਵਾਈ ਕਰਵਾਉਂਦਿਆ ਸਬੰਧਤ ਅਧਿਕਾਰੀਆਂ ਨੂੰ ਬਰੀਚ ਨੂੰ ਪਲੱਗ ਕਰਨ ਦੇ ਆਦੇਸ਼ ਦਿੱਤ੍ਹੇ ਐਸਡੀਐਮ ਵੀਰਪਾਲ ਕੌਰ ਨੇ ਦੱਸਿਆ ਕਿ ਜ਼ਿਲਾ ਫਾਜ਼ਿਲਕਾ ਤੇ ਆਸ ਪਾਸ ਵਿੱਚ ਭਾਰੀ ਬਾਰਿਸ਼ ਹੋਣ ਕਾਰਨ ਪਾਣੀ ਦਾ ਪੱਧਰ ਕਾਫੀ ਵਧਿਆ ਹੈ ਜਿਸ ਕਰਕੇ ਸਾਬੂਆਣਾ ਡਰੇਨ ਵਿਚ ਸਮਰਥਾ ਤੋਂ ਵੱਧ ਪਾਣੀ ਹੋ ਗਿਆ ਸੀ ਜਿਸ ਕਰਕੇ ਪਾਣੀ ਡਰੇਨ ਤੋਂ ਬਾਹਰ ਆਉਣਾ ਸ਼ੁਰੂ ਹੋ ਗਿਆ ਸ੍ਰੀ ਉਹਨਾਂ ਦੱਸਿਆ ਕਿ ਪਾਣੀ ਆਸ ਪਾਸ ਦੀਆਂ ਫਸਲਾਂ ਜਾਂ ਆਬਾਦੀ ਵਾਲੇ ਏਰੀਆ ਵਿੱਚ ਨਾ ਫੈਲੇ ਇਸ ਕਰਕੇ ਡਰੇਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤੁਰੰਤ ਐਕਸ਼ਨ ਲੈਂਦਿਆ ਲੇਬਰ ਅਤੇ ਮਸ਼ੀਨ ਲਗਾ ਕੇ ਬਰੀਚ ਨੂੰ ਪਲਗ ਕਰਨ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ।



# ਰਾਸ਼ਟਰੀ ਮਹਿਲਾ ਕਮਿਸ਼ਨ ਦੀ ਮੈਂਬਰ ਨੇ ਲੁਧਿਆਣਾ ਵਿੱਚ ਪੰਜਾਬ ਦੇ ਪਹਿਲੇ ਤੇਰੇ ਮੇਰੇ ਸਪਨੇ ਸੈਂਟਰ ਦਾ ਉਦਘਾਟਨ ਕੀਤਾ

## ਦੂਜਾ ਕੇਂਦਰ ਕੱਲ੍ਹ ਖੋਲ੍ਹਿਆ ਜਾਵੇਗਾ

ਲੁਧਿਆਣਾ, ( ਸੁਖਚੈਨ ਮਹਿਰਾ)ਰਾਸ਼ਟਰੀ ਮਹਿਲਾ ਕਮਿਸ਼ਨ ਦੀ ਮੈਂਬਰ ਮਮਤਾ ਕੁਮਾਰੀ ਨੇ ਐਤਵਾਰ ਨੂੰ ਸਿਵਲ ਲਾਈਨਜ਼ ਇਲਾਕੇ ਵਿੱਚ ਪੰਜਾਬ ਦੇ ਪਹਿਲੇ ਤੇਰੇ ਮੇਰੇ ਸਪਨੇ ਸੈਂਟਰ ਦਾ ਉਦਘਾਟਨ ਕੀਤਾ, ਜੋ ਕਿ ਪਰਿਵਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਸਫਲ ਵਿਆਹਾਂ ਲਈ ਸਸ਼ਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਜ਼ਿਲ੍ਹਾ ਅਦਾਲਤ ਕੰਪਲੈਕਸ ਵਿੱਚ ਕੱਲ੍ਹ ਦੂਜਾ ਕੇਂਦਰ ਖੋਲ੍ਹਿਆ ਜਾਵੇਗਾ, ਜੋ ਇਸ ਪਰਿਵਰਤਨਸ਼ੀਲ ਪਹਿਲਕਦਮੀ ਦਾ ਹੋਰ ਵਿਸਤਾਰ ਕਰੇਗਾ। ਇਸ ਤੋਂ ਪਹਿਲਾਂ ਮਮਤਾ ਕੁਮਾਰੀ ਨੇ ਰੈੱਡ ਕਰਾਸ ਸੀਨੀਅਰ ਸਿਟੀਜ਼ਨ ਹੋਮ ਅਤੇ ਸ਼੍ਰੀ ਸਵਾਮੀ ਵਿਵੇਕਾਨੰਦ ਟਰੱਸਟ ਦਾ ਦੌਰਾ ਕੀਤਾ ਅਤੇ ਇਨ੍ਹਾਂ ਸਹੂਲਤਾਂ ਦਾ ਮੁਲਾਂਕਣ ਕੀਤਾ। ਐਨ.ਸੀ.ਡਬਲਯੂ ਤੋਂ ਸੰਗੀਤਾ ਕੁਲਸ਼੍ਰੇਸ਼ਠ, ਐਸ.ਡੀ.ਐਮ ਜਸਲੀਨ ਕੁਮਾਰ ਭੁੱਲਰ, ਡੀ.ਸੀ.ਪੀ.ਓ ਰਸ਼ਮੀ ਸੈਣੀ, ਸੀ.ਡੀ.ਪੀ.ਓ ਰਵਿੰਦਰ ਕੌਰ, ਦਵਿੰਦਰ ਕੌਰ ਅਤੇ ਹੋਰ ਵੀ ਮੌਜੂਦ ਸਨ। ਐਨ.ਸੀ.ਡਬਲਯੂ ਮੈਂਬਰ ਮਮਤਾ ਕੁਮਾਰੀ ਨੇ ਉਜਾਗਰ ਕੀਤਾ ਕਿ ਤੇਰੇ ਮੇਰੇ ਸਪਨੇ ਸੈਂਟਰ ਭਾਵਨਾਤਮਕ, ਸਮਾਜਿਕ ਅਤੇ ਮਨੋਵਿਗਿਆਨਕ ਪਹਿਲੂਆਂ ’ਤੇ ਮਾਹਰ ਸਲਾਹ ਦੁਆਰਾ ਨੌਜਵਾਨ ਵਿਅਕਤੀਆਂ ਨੂੰ ਵਿਆਹ ਲਈ ਤਿਆਰ ਕਰਨ ਲਈ ਤਿਆਰ ਕੀਤੇ ਗਏ ਹਨ।



# ਹੁਣ ਨਯਾਗਾਓਂ ਨੂੰ ਜਲਦੀ ਹੀ ਆਪਣਾ ਫਾਇਰ ਬ੍ਰਿਗੇਡ ਸਟੇਸ਼ਨ ਮਿਲੇਗਾ : ਰਵਨੀਤ ਸਿੰਘ ਈਓ

ਜੇ ਕੇ ਬੱਤਾ ਖਰੜ, ਨਯਾਗਾਓਂ, ਜੋ ਕਿ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੇ ਗੁਆਂਢ ਵਿੱਚ ਸਥਿਤ ਹੈ, ਨੂੰ ਹੁਣ ਆਉਣ ਵਾਲੇ ਸਮੇਂ ਵਿੱਚ ਅੱਗ ਤੋਂ ਬਚਾਇਆ ਜਾ ਸਕਦਾ ਹੈ। ਜਲਦੀ ਹੀ ਨਯਾਗਾਓਂ ਨੂੰ ਆਪਣਾ ਫਾਇਰ ਬ੍ਰਿਗੇਡ ਦਫ਼ਤਰ, ਫਾਇਰ ਬ੍ਰਿਗੇਡ ਗੱਡੀ ਅਤੇ ਹੋਰ ਉਪਕਰਣ ਮਿਲਣਗੇ। ਇਸ ਲਈ ਨਯਾਗਾਓਂ ਇਲਾਕੇ ਦੇ ਲੋਕ ਕਈ ਸਾਲਾਂ ਤੋਂ ਨਯਾਗਾਓਂ ਵਿੱਚ ਆਪਣਾ ਫਾਇਰ ਬ੍ਰਿਗੇਡ ਸਟੇਸ਼ਨ ਬਣਾਉਣ ਦੀ ਮੰਗ ਕਰ ਰਹੇ ਸਨ, ਜੋ ਕਿ ਹੁਣ ਪੂਰੀ ਹੁੰਦੀ ਜਾਪਦੀ ਹੈ। 15ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ ਤਹਿਤ, ਪੰਜਾਬ ਵਿੱਚ 13 ਫਾਇਰ ਸਟੇਸ਼ਨਾਂ ਦੇ ਨਿਰਮਾਣ ਲਈ ਕੁੱਲ 24,67,01,000 ਰੁਪਏ ਦੀ ਮਨਜ਼ੂਰੀ ਦਿੱਤੀ ਗਈ ਹੈ। ਇਨ੍ਹਾਂ 13 ਫਾਇਰ ਸਟੇਸ਼ਨਾਂ ਵਿੱਚ ਨਯਾਗਾਓਂ ਨਗਰ ਕੌਂਸਲ ਦਾ ਨਾਮ ਵੀ ਸ਼ਾਮਲ ਕੀਤਾ ਗਿਆ ਹੈ। ਖਰੜ ਹਲਕੇ ਦੇ ਵਿਧਾਇਕ ਅਨਮੋਲ ਗਗਨ ਮਾਨ ਦੇ ਯਤਨਾਂ ਸਦਕਾ,




ਨਯਾਗਾਓਂ ਇਲਾਕੇ ਲਈ ਆਪਣੇ ਫਾਇਰ ਬ੍ਰਿਗੇਡ ਸਟੇਸ਼ਨ ਦੀ ਮੰਗ ਲੰਬੇ ਸਮੇਂ ਤੋਂ ਚੱਲ ਰਹੀ ਸੀ, ਜੋ ਹੁਣ ਪੂਰੀ ਹੋ ਗਈ ਹੈ। ਲੋਕਾਂ ਨੇ ਕਿਹਾ ਕਿ ਹੁਣ ਜਲਦੀ ਹੀ ਨਯਾਗਾਓਂ ਨੂੰ ਆਪਣਾ ਫਾਇਰ ਬ੍ਰਿਗੇਡ ਸਟੇਸ਼ਨ ਮਿਲੇਗਾ ਜਿਸ ਲਈ ਇਸ ਜਗ ?ਹਾ ਦੀ ਜਾਂਚ ਐਨਪੀ ਵੱਲੋਂ ਕੀਤੀ ਜਾ ਰਹੀ ਹੈ। ਸਾਡੇ ਅਖ਼ਬਾਰ ਨੇ 9 ਮਈ 2025 ਅਤੇ ਹੋਰ ਤਾਰੀਖਾਂ ਦੇ ਆਪਣੇ ਐਡੀਸ਼ਨ ਵਿੱਚ ਨਯਾਗਾਓਂ ਖੇਤਰ ਦੇ ਲੋਕਾਂ ਦੀ ਇਸ ਸਮੱਸਿਆ ਨੂੰ ਕਈ ਵਾਰ ਪ੍ਰਮੁੱਖਤਾ ਨਾਲ ਪ੍ਰਕਾਸ਼ਿਤ ਕੀਤਾ ਸੀ, ਜਿਸ ਦਾ ਨੋਟਿਸ ਲੈਂਦੇ ਹੋਏ ਪੰਜਾਬ ਸਰਕਾਰ ਨੇ ਨਯਾਗਾਓਂ ਨਗਰ ਕੌਂਸਲ ਖੇਤਰ ਵਿੱਚ ਫਾਇਰ ਬ੍ਰਿਗੇਡ ਸਟੇਸ਼ਨ ਦੇ ਨਿਰਮਾਣ ਲਈ 1 ਕਰੋੜ 89 ਲੱਖ ਰੁਪਏ ਅਲਾਟ ਕੀਤੇ ਹਨ।

# ਜੀ ਕੇ ਸਟੇਟ ਵਿਖੇ ਕਰਵਾਈ ਗਈ ਵਾਲੀਬਾਲ ਪ੍ਰੈਕਟਿਸ

ਲੁਧਿਆਣਾ ( ਸੁਖਚੈਨ ਮਹਿਰਾ) ਅੱਜ ਜੀ ਕੇ ਸਟੇਟ ਗਰਾਊਂਡ ਵਿੱਚ ਸਾਨੂੰ ਬਾਲੀ ਬਾਲ ਦੀ ਪ੍ਰੈਕਟਿਸ ਕਰਵਾਈ ਜਾਂਦੀ ਹੈ ।ਸਾਡੇ ਬਾਲੀ ਬਾਲ ਦੇ ਕੋਚ ਸਤਿਕਾਰ ਯੋਗ ਸ ਧਰਮਵੀਰ ਸਿੰਘ ਮਹਿਰਾ ਸਾਬਕਾ ਐਸ ਪੀ ,ਅਤੇ ਇੰਸਪੈਕਟਰ ਦਿਨੇਸ਼ ਰਾਠੌਰ ਜੀ ਸਾਨੂੰ ਜੀ ਕੇ ਸਟੇਟ ਗਰਾਊਂਡ ਵਿੱਚ ਸਵੇਰੇ ਅਤੇ ਸ਼ਾਮ ਨੂੰ ਵਾਲੀਬਾਲ ਦੀ ਪ੍ਰੈਕਟਿਸ ਕਰਾਉਂਦੇ ਹਨ ਹੁਣ ਸਾਨੂੰ ਵਾਲੀਬਾਲ ਦੀ ਬਦੌਲਤ ਸਦਕਾ ਸਾਡੇ ਕੋਚ ਧਰਮਵੀਰ ਸਿੰਘ ਸਬਕਾ ਐਸ.ਪੀ ਨੇ ਪ੍ਰੇਮ ਚੰਦ ਮਰਕੰਡਾ ਐਸ ਡੀ ਕਾਲਜ ਫਾਰ ਵੂਮਨ ਵਿੱਚ ਦਾਖਲਾ ਮਿਲ ਗਿਆ ਹੈ ਜਿਥੇ ਸਾਡਾ ਰਹਿਣਾ ਅਤੇ ਮੈਸ ਦਾ ਖਰਚਾ ਬਿਲਕੁਲ ਮੁਫ਼ਤ ਹੈ ਸਾਡੇ ਕੋਰਸ ਦਾ ਨਾਮ ਬੀ ਪੀ ਈ ਐਸ ਹੈ ਜੋ ਕੀ ਸਾਡੇ ਆਂ ਵਾਲੇ ਭਵਿੱਖ ਵਿੱਚ ਨੌਕਰੀ ਲੈਣ ਲਈ ਬਹੁਤ ਲਾਭਦਾਇਕ ਹੋਵੇਗਾ ਇਸ ਕੋਰਸ ਕਰਨ ਉਪਰੰਤ ਅਸੀਂ ਵਾਲੀਬਾਲ ਦੇ ਕੋਚ ਵੀ ਲੱਗ ਸਕਦੇ ਹਾਂ ਅਸੀਂ ਲੁਧਿਆਣੇ ਦੇ 6 ਵਾਲੀਬਾਲ ਸਟੂਡੈਂਟ ਜਲੰਧਰ ਜਾ ਰਹੇ ਆ 1.ਅਮਨ ਮਹਿਰਾ, 2.ਐਨਾ 3. ਮਹਿਕ 4. ਅਨੂ ਕੁਮਾਰੀ 5. ਅਨੂ 6. 6. ਮੁਸਕਾਨ ਸਾਨੂੰ ਬਹੁਤ ਚੰਗਾ ਲੱਗ ਰਿਹਾ ਹੈ ਅਸੀਂ ਆਪਣੇ ਮੁਕਾਮ ਤੇ ਪਹੁੰਚਣ ਲਈ ਤਿਆਰੀ ਕਰਾਂਗੇ ਅਸੀਂ ਉਥੇ ਜਾ ਕੇ ਡੱਟ ਕੇ ਮਿਹਨਤ ਕਰਾਂਗੇ ਅਤੇ ਆਪਣੇ ਪਰਿਵਾਰ ਅਤੇ ਆਪਣੇ ਕੋਚ ਦਾ ਨਾਮ ਰੋਸ਼ਨ



ਕਰਾਂਗੇ ਇਸ ਮੌਕੇ ਸ ਸ਼ੇਰ ਸਿੰਘ ਸਾਬਕਾ ਬੀ ਪੀ ਉ , ਸ ਹਰਦੇਵ ਸਿੰਘ ਢੋਹਲਣ , ਅਮਨ ਕੌਸ਼ਲ, ਸ ਸਰਵਜੀਤ ਸਿੰਘ ਫੌਜੀ ਹਾਜ਼ਰ ਸਨ

# ਗੁਰਦੁਆਰਾ ਗੜ੍ਹੀ ਭੌਰਖਾ ਸਾਹਿਬ ਮਾਜਰੀ ਬਲਾਕ ਨਿਊ ਚੰਡੀਗੜ੍ਹ ਵਿਖੇ ਪੁੱਜੇ ਭਾਈ ਅਮ੍ਰਿਤਪਾਲ ਸਿੰਘ ਦੇ ਮਾਤਾ, ਪਿਤਾ

ਜੇ ਕੇ ਬੱਤਾ ਖਰੜ, ਭਾਈ ਅਮ੍ਰਿਤਪਾਲ ਸਿੰਘ ਦੇ ਮਾਤਾ ਪਿਤਾ ਦਾ ਗੁਰਦੁਆਰਾ ਗੜ੍ਹੀ ਭੌਰਖਾ ਸਾਹਿਬ ਮਾਜਰੀ ਬਲਾਕ ਨਿਊ ਚੰਡੀਗੜ੍ਹ ਵਿਖੇ ਪੁੱਜਣ ਤੇ ਸਨਮਾਨਿਤ ਕੀਤਾ ਗਿਆ। ਭਾਈ ਅਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ ਅਤੇ ਜ਼ਿਲਾ ਆਗੂ ਰਮਨਦੀਪ ਸਿੰਘ ਲਿੱਧੜ ਨੌਜਵਾਨਾਂ ਨੂੰ ਨਸ਼ਿਆਂ ਆਦਿ ਮਾਰੂ ਅਲਾਮਤਾਂ ਤੋਂ ਬਚਕੇ ਸਿੱਖੀ ਸਰੂਪ ਨਾਲ ਜੁੜਨ ਸਬੰਧੀ ਜਾਗਰੂਕ ਕਰਨ ਲਈ ਵਿਸ਼ੇਸ਼ ਤੌਰ ਗੁਰਦੁਆਰਾ ਸਾਹਿਬ ਮਾਜਰੀ ਬਲਾਕ ਵਿਖੇ ਪੁੱਜੇ। ਇਸ ਦੌਰਾਨ ਇਲਾਕੇ ਦੇ ਮੋਹਤਬਰਾਂ ਨਾਲ ਮੀਟਿੰਗ ਕਰਦਿਆਂ ਉਨ੍ਹਾਂ ਕਿਹਾ ਕਿ ਪੰਥ ਤੇ ਪੰਜਾਬ ਦੇ ਭਲੇ ਲਈ ਚੰਗੀ ਸਿਆਸਤ ਦੀ ਜ਼ਰੂਰਤ ਹੈ। ਇਸ ਲਈ ਉਨ੍ਹਾਂ ਸਮੂਹ ਪੰਥ ਤੇ ਪੰਜਾਬ ਦਰਦੀ ਜਥੇਬੰਦੀਆਂ ਨੂੰ ਇੱਕ ਪਲੇਟਫ਼ਾਰਮ ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਨੌਜਵਾਨਾਂ ਨੂੰ ਵੀ ਬਾਣੀ ਅਤੇ ਬਾਣੇ ਦੇ ਧਾਰਨੀ ਹੋ ਕੇ ਨਸ਼ਿਆਂ ਖਿਲਾਫ਼ ਇੱਕਜੁੱਟ ਹੋ ਕੇ ਅੱਗੇ ਆਉਣ ਲਈ ਕਿਹਾ। ਗੁਰਦੁਆਰਾ ਕਮੇਟੀ ਵੱਲੋਂ ਗ੍ਰੰਥੀ ਜ਼ੋਰਾ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਮੀਤ ਸਿੰਘ ਸ਼ਾਂਟੂ, ਰਵਿੰਦਰ ਸਿੰਘ ਬਜੀਦਪੁਰ, ਮਨਦੀਪ ਸਿੰਘ ਖਿਜਰਾਬਾਦ, ਸੋਹਣ ਸਿੰਘ ਖਾਲਸਾ ਬਜੀਦਪੁਰ, ਭਗਤ ਸਿੰਘ ਭਗਤਮਾਜਰਾ, ਛੋਟਾ ਸਿੰਘ ਮਾਜਰਾ, ਪਰਮਜੀਤ ਸਿੰਘ ਮਾਵੀ, ਅਵਤਾਰ ਸਿੰਘ ਸਲੇਮਪੁਰ, ਸੁੱਖਦੇਵ ਸਿੰਘ ਖੈਰਪੁਰ, ਜਸਵਿੰਦਰ ਸਿੰਘ ਜੱਸਾ ਰਸੂਲਪੁਰ, ਸੁਖਦੇਵ ਸਿੰਘ ਕਾਦੀਮਾਜਰਾ ਤੇ ਲਵਲੀ ਬੂਥਗੜ੍ਹ ਆਦਿ ਵੀ ਹਾਜ਼ਰ ਸਨ।



# ਵਿਧਾਇਕ ਸ਼ੈਰੀ ਕਲਸੀ ਨੇ 'ਨਸ਼ਾ ਮੁਕਤੀ ਯਾਤਰਾ' ਵਿੱਚ ਸ਼ਾਮਲ ਲੋਕਾਂ ਕੋਲੋਂ ਨਸ਼ਿਆਂ ਵਿਰੁੱਧ ਇਕਜੁੱਟਤਾ ਦਾ ਲਿਆ ਭਰੋਸਾ

## ਵਾਰਡ ਨੰਬਰ 29 ਵਿੱਚ ਪ੍ਰਭਾਵਸ਼ਾਲੀ 'ਨਸ਼ਾ ਮੁਕਤੀ ਯਾਤਰਾ' ਕੀਤੀ

ਬਟਾਲਾ, ( ਜਸਵਿੰਦਰ ਸਿੰਘ ) ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 29 ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਰਵਾਈ ਗਈ ਪ੍ਰਭਾਵਸ਼ਾਲੀ 'ਨਸ਼ਾ ਮੁਕਤ ਯਾਤਰਾ' ਵਿੱਚ ਸ਼ਮੂਲੀਅਤ ਕੀਤੀ ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਵੱਡੀ ਗਿਣਤੀ 'ਚ ਮੌਜੂਦ ਲੋਕਾਂ ਕੋਲੋਂ ਨਸ਼ਿਆਂ ਵਿਰੁੱਧ ਇਕਜੁੱਟਤਾ ਦਾ ਭਰੋਸਾ ਲੈਂਦਿਆਂ ਨਸ਼ਾ ਮੁਕਤੀ ਦਾ ਸਮੂਹਿਕ ਹਲਫ ਦਿਵਾਇਆ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਨਸ਼ਿਆਂ ਦੀ ਜੜ੍ਹ ਪੁੱਟਣ ਤੇ ਰੰਗਲੇ ਪੰਜਾਬ ਦੀ ਸਿਰਜਣਾ ਲਈ ਵਿੱਢੇ 'ਯੁੱਧ ਨਸ਼ਿਆਂ ਵਿਰੁੱਧ' ਦਾ ਸਰਗਰਮ ਹਿੱਸਾ ਬਣ ਕੇ ਪੰਜਾਬ ਤੇ ਖਾਸ ਕਰਕੇ ਆਪਣੇ ਵਾਰਡਾਂ, ਘਰਾਂ ਤੇ ਆਲੇ ਦੁਆਲੇ ਨੂੰ ਨਸ਼ਾ ਮੁਕਤ ਬਣਾਉਣ ਲਈ ਧੜੇਬੰਦੀ ਤੋਂ ਉੱਪਰ ਉੱਠ ਕੇ ਪ੍ਰਚੰਡ ਯੋਗਦਾਨ ਪਾਇਆ ਜਾਵੇ ਉਨ੍ਹਾਂ ਨੇ ਅਜਾਦੀ ਪਿੱਛੋਂ ਪਿਛਲੇ 75 ਸਾਲਾਂ ਤੋਂ ਦੇਸ਼ ਤੇ ਖਾਸ ਕਰਕੇ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀਆਂ ਪਾਰਟੀਆਂ ਦੀ ਘੇਰਾਬੰਦੀ ਕਰਦਿਆਂ ਕਿਹਾ ਕਿ ਅੱਜ ਸੂਬਾ ਭਗਵੰਤ ਮਾਨ ਸਰਕਾਰ ਨੂੰ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੀ ਲੋੜ ਨਹੀਂ ਸੀ ਪੈਣੀ, ਜੇਕਰ ਇਨ੍ਹਾਂ ਰਵਾਇਤੀ ਰਾਜਸੀ ਪਾਰਟੀਆਂ ਨੇ ਆਪਣੇ ਲੰਮੇ ਰਾਜਕਾਲ ਦੌਰਾਨ ਨਸ਼ਿਆਂ ਨੂੰ ਖਤਮ ਲਈ ਕੋਈ ਕਾਰਜ ਕੀਤਾ ਹੁੰਦਾ ਵਿਧਾਇਕ ਸ਼ੈਰੀ ਕਲਸੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਵਾਰਡਾਂ ਜਾਂ ਆਲੇ-ਦੁਆਲੇ ਨਸ਼ੇ ਵੇਚਣ ਵਾਲਿਆਂ ਦੀ ਇਤਲਾਹ ਪੁਲਿਸ ਨੂੰ ਜਾਂ ਵਟਸਐਪ ਨੰਬਰ 97791-00200 ਉੱਪਰ ਦੇਣ।




# ਸਵੈ ਸਹਾਇਤਾ ਸਮੂਹਾਂ ਵਿੱਚ ਇੱਕ ਨਵੀਂ ਉਮੀਦ ਜਗਾ ਕੇ ਖ਼ਤਮ ਹੋਇਆ ਦੋ ਰੋਜ਼ਾ 'ਉਮੀਦ ਬਜ਼ਾਰ'

## ਦੋ ਦਿਨਾਂ ਦੌਰਾਨ ਉਮੀਦ ਬਜ਼ਾਰ ਵਿੱਚ 5.23 ਲੱਖ ਰੁਪਏ ਤੋਂ ਵੱਧ ਦੀ ਹੋਈ ਖ਼ਰੀਦਦਾਰੀ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇੱਕ ਨਿਵੇਕਲੀ ਪਹਿਲ ਕਰਦਿਆਂ ਗੁਰਦਾਸਪੁਰ ਸ਼ਹਿਰ ਦੇ ਪੁਰਾਣੇ ਬੱਸ ਅੱਡੇ ਵਿੱਚ ਲਗਾਇਆ ਗਿਆ ਦੋ ਰੋਜ਼ਾ 'ਉਮੀਦ ਬਜ਼ਾਰ' ਸਵੈ ਸਹਾਇਤਾ ਸਮੂਹਾਂ ਵਿੱਚ ਇੱਕ ਨਵੀਂ ਉਮੀਦ ਜਗਾਉਂਦਾ ਹੋਇਆ ਅੱਜ ਸ਼ਾਮ ਸਮਾਪਤ ਹੋ ਗਿਆ। ਪੁਰਾਣੇ ਬੱਸ ਅੱਡੇ ਗੁਰਦਾਸਪੁਰ ਵਿੱਚ ਲੱਗੇ ਇਸ ਉਮੀਦ ਬਜ਼ਾਰ ਵਿੱਚ ਦੋ ਦਿਨਾਂ ਦੌਰਾਨ ਵੱਖ-ਵੱਖ ਸਟਾਲਾਂ ਉੱਪਰ 5.23 ਲੱਖ ਰੁਪਏ ਤੋਂ ਵੱਧ ਦੀ ਖ਼ਰੀਦਦਾਰੀ ਹੋਈ ਉਮੀਦ ਬਜ਼ਾਰ ਦੇ ਦੂਸਰੇ ਦਿਨ ਅੱਜ ਐਤਵਾਰ ਹੋਰ ਕਾਰਨ ਲੋਕਾਂ ਦੀ ਭਾਰੀ ਭੀੜ ਰਹੀ। ਵੱਖ-ਵੱਖ ਸਰਕਾਰੀ ਅਧਿਕਾਰੀਆਂ ਤੋਂ ਇਲਾਵਾ ਵੱਡੀ ਗਿਣਤੀ ਗੁਰਦਾਸਪੁਰ ਸ਼ਹਿਰ ਅਤੇ ਆਸ-ਪਾਸ ਦੇ ਲੋਕਾਂ ਨੇ ਸ਼ਿਰਕਤ ਕੀਤੀ ਅਤੇ ਸਟਾਲਾਂ ਉੱਪਰ ਵੇਚੇ ਜਾ ਰਹੇ ਉਤਪਾਦਾਂ ਨੂੰ ਦੇਖਿਆ ਅਤੇ ਖ਼ਰੀਦਿਆ। ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਅਤੇ ਐੱਸ.ਡੀ.ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਵੱਲੋਂ ਵੀ ਉਮੀਦ ਬਜ਼ਾਰ ਦੌਰਾਨ ਖ਼ਰੀਦਦਾਰੀ ਕੀਤੀ ਗਈ ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਲਗਾਏ ਇਸ ਦੋ ਰੋਜ਼ਾ 'ਉਮੀਦ ਬਜ਼ਾਰ' ਨੂੰ ਜ਼ਿਲ੍ਹਾ ਵਾਸੀਆਂ ਵੱਲੋਂ ਵੱਡਾ ਹੁੰਗਾਰਾ ਮਿਲਿਆ ਹੈ ਅਤੇ ਅੱਜ ਬਜ਼ਾਰ ਦੇ ਦੂਜੇ ਦਿਨ ਰਿਕਾਰਡ ਸੇਲ ਹੋਈ ਹੈ।



# ਪੰਜਾਬ ਸਰਕਾਰ ਦੀ ਵਾਤਾਵਰਣ ਸੰਭਾਲ ਮੁਹਿੰਮ ਅਤੇ ਭਾਰਤ ਸਰਕਾਰ ਦੀ 'ਏਕ ਪੇੜ ਮਾਂ ਕੇ ਨਾਮ 2.0' ਮੁਹਿੰਮ ਤਹਿਤ ਐਨ.ਜ਼ੀ.ਓ ਵਾਟਰ ਵਾਰਿਅਰ ਪੰਜਾਬ ਅੱਨਥੱਕ ਯਤਨ ਕਰ ਰਹੀ ਹੈ

**ਇਸੇ ਸੰਬੰਧੀ ਈਕੋ ਕਲੱਬ, ਸ਼ਹੀਦ ਲੈਫ ਬਿਕਰਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਆਲਬਾ ਫਤਿਹਪੁਰ ਦੇ ਸਕੂਲ ਦੀ ਚਾਰਦਿਵਾਰੀ ਦੇ ਅੰਦਰ ਬੂਟੇ ਲਗਾਉਣ ਦੀ ਮੁਹਿੰਮ ਚਲਾਈ**

ਜੇ ਕੇ ਬੱਤਾ ਖਰੜ, ਪੰਜਾਬ ਸਰਕਾਰ ਦੀ ਵਾਤਾਵਰਣ ਸੰਭਾਲ ਮੁਹਿੰਮ ਅਤੇ ਭਾਰਤ ਸਰਕਾਰ ਦੀ ÷ਏਕ ਪੇੜ ਮਾਂ ਕੇ ਨਾਮ 2.0÷ ਮੁਹਿੰਮ ਤਹਿਤ ਐਨ.ਜੀ.ਓ ਵਾਟਰ ਵਾਰਿਅਰ ਪੰਜਾਬ ਅੱਨਥੱਕ ਯਤਨ ਕਰ ਰਹੀ ਹੈ ।ਇਸੇ ਸੰਬੰਧੀ ਈਕੋ ਕੱਲਬ, ਸ਼ਹੀਦ ਲੈਫ ਬਿਕਰਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਆਲਬਾ ਫਤਿਹਪੁਰ (ਸ.ਅ.ਸ. ਨਗਰ) ਨੇ ਐਨ.ਜੀ.ਓ ਵਾਟਰ ਵਾਰਿਅਰ ਪੰਜਾਬ ਦੇ ਸਹਿਯੋਗ ਨਾਲ ਅੱਜ ਮਿਤੀ 02 ਅਗਸਤ 2025 ਨੂੰ ਸਕੂਲ ਦੀ ਚਾਰਦਿਵਾਰੀ ਸ਼ਹੀਦ ਲੈਫ ਬਿਕਰਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਿਆਲਬਾ ਫਤਿਹਪੁਰ ਐਨ.ਜੀ.ਓ ਵਾਟਰ ਵਾਰਿਅਰ ਪੰਜਾਬ ਦੇ ਵੰਲਟਿਅਰਾਂ ਨੇ ਸਕੂਲ ਦੇ ਬੱਚਿਆ ਨੂੰ ਰੁੱਖਾਂ ਦੀ ਮੱਹਤਤਾ ਦੱਸਦੇ ਹੋਏ ਵਾਤਾਵਰਣ ਸੰਭਾਲਣ ਲਈ ਪ੍ਰੇਰਿਤ ਕੀਤਾ ਅਤੇ ਬੂਟੇ ਵੰਡੇ। ਇਸ ਮੌਕੇ ਪ੍ਰਿੰਸੀਪਲ ਸ.ਆਤਮਬੀਰ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਹਵਾਲਾ ਦਿੰਦਿਆ ਕਿਹਾ ਕਿ ਵਾਤਾਵਰਣ ਦੀ ਸੰਭਾਲ ਲਈ ਰੁੱਖ ਲਗਾਉਣੇ ਇੱਕ ਸਿਹਤਮੰਦ ਤੇ ਖੁਸ਼ਹਾਲ ਭਾਈਚਾਰੇ ਵੱਲ ਕਦਮ ਹੈ।



# ਗੁਰਦਾਸਪੁਰ ਵਿੱਚ ਕਾਂਗਰਸ ਪਾਰਟੀ ਨੂੰ ਮਿਲਿਆ ਭਾਰੀ ਸਮਰਥਨ-ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ

## ਪਿੰਡ ਨਰਪੁਰ ਤੋਂ ਕਈ ਪਰਿਵਾਰ ਅਕਾਲੀ ਦੱਲ ਨੂੰ ਛੱਡ ਕਾਂਗਰਸ ਪਰਿਵਾਰ ਵਿਚ ਹੋਏ ਸ਼ਾਮਲ - ਪਾਹੜਾ

ਗੁਰਦਾਸਪੁਰ ( ਜਸਵਿੰਦਰ ਸਿੰਘ ) - ਗੁਰਦਾਸਪੁਰ ਦੇ ਪਿੰਡ ਨਰਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ 20 ਤੋਂ 25 ਪਰਿਵਾਰ ਕਾਂਗਰਸ ਵਿੱਚ ਸ਼ਾਮਿਲ ਹੋਏ ਪਿੰਡ ਨਰਪੁਰ ਵਿੱਚ 30 - 35 ਸਾਲ ਤੋਂ ਸ਼੍ਰੋਮਣੀ ਅਕਾਲੀ ਦੱਲ ਪਾਰਟੀ ਦੇ ਨਾਲ ਚੱਲ ਰਹੇ ਨਰਪੁਰ ਦੇ 20 ਤੋਂ 25 ਪਰਿਵਾਰ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਤੇ ਗੁਰਜੰਟ ਸਿੰਘ ਨੇ ਆਪਣੇ ਘਰ ਵਿੱਚ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਗੁਰਦਾਸਪੁਰ ਦੇ ਕਾਂਗਰਸ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਸ਼ਿਰਕਤ ਕੀਤੀ ਅਤੇ 20 ਤੋਂ 25 ਪਰਿਵਾਰਾਂ ਨੂੰ ਕਾਂਗਰਸ ਵਿੱਚ ਸ਼ਾਮਿਲ ਕੀਤਾ ਗਿਆ ਪਾਹੜਾ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਰਦਾਰ ਜੋਗਾ ਸਿੰਘ ਜੀ ਸੂਬੇਦਾਰ ਮੇਜਰ ਉਹਨਾਂ ਦੇ ਪੋਤਰੇ ਸਰਦਾਰ ਗੁਰਜੰਟ ਸਿੰਘ ਜੀ ਇਹਨਾ ਨਾਲ ਹੋਰ ਬਹੁਤ ਸਾਰੇ ਪਰਿਵਾਰ ਜਿਹੜੇ ਆ ਉਹ ਅੱਜ ਅਕਾਲੀ



ਦਲ ਨੂੰ ਛੱਡ ਕੇ ਤੇ ਕਾਂਗਰਸ ਚ ਸ਼ਾਮਿਲ ਹੋਏ ਇਹ ਤਕਰੀਬਨ 35 ਤੋਂ 40 ਸਾਲ ਤੋਂ ਇਹ ਕੱਟੜ ਅਕਾਲੀ ਪਰਿਵਾਰ ਸੀ ਤੇ ਜਦੋਂ ਮੇਰੇ ਦਾਦਾ ਜੀ ਅਕਾਲੀ ਦੱਲ ਚੇ ਹੁੰਦੇ ਸੀ ਉਦੋਂ ਇਹ ਮੇਰੇ ਦਾਦਾ ਨਾਲ ਜੁੜੇ ਹੋਏ ਸੀ ਸਰਦਾਰ ਗੁਰਜੰਟ ਸਿੰਘ ਜੀ ਦੇ ਦਾਦਾ ਜੀ ਸਤਿਕਾਰਯੋਗ ਸੂਬੇਦਾਰ ਜੋਗਾਂ ਸਿੰਘ ਜੀ ਜਥੇਦਾਰ ਕਰਤਾਰ ਸਿੰਘ ਪਾਹੜਾ ਜੀ ਦੇ ਨਾਲ ? ਬਹੁਤ ਲੰਮੇ ਸਮੇਂ ਤੱਕ ਰਾਜਨੀਤੀ ਵਿੱਚ ਲੋਕਾਂ ਦੀ ਸੇਵਾ ਕੀਤੀ।

# ਨਸ਼ਾ ਮੁਕਤੀ ਯਾਤਰਾ ਤਹਿਤ ਖੀਰਾਂਵਾਲੀ ਤੇ ਮੈਰੀਪੁਰ ਵਾਸੀਆਂ ਨੂੰ ਮੁਹਿੰਮ 'ਚ ਸ਼ਾਮ ਹੋਣ ਲਈ ਕੀਤਾ ਪ੍ਰੇਰਿਤ

## ਲੋਕ ਨਸ਼ਾ ਤਸਕਰਾਂ ਦੀ ਜ਼ਮਾਨਤ ਨਾ ਦੇਣ - ਸੱਜਣ ਸਿੰਘ ਚੀਮਾ

ਸੁਲਤਾਨਪੁਰ ਲੋਧੀ, ਰਣਜੀਤ ਸਿੰਘ ਚੰਦੀ ਕਪੂਰਥਲ਼ਾ ਤੋਂ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਹਲਕਾ ਸੁਲਤਾਨਪੁਰ ਲੋਧੀ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਸੱਜਣ ਸਿੰਘ ਚੀਮਾ ਦੀ ਅਗਾਈ ਹੇਠ ਨਸ਼ਾ ਮੁਕਤੀ ਯਾਤਰਾ ਪਿੰਡ ਖੀਰਾਂਵਾਲੀ ਤੇ ਮੈਰੀਪੁਰ ਵਿਖੇ ਪਹੁੰਚੀ,ਜਿੱਥੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ ਗਿਆ। ਨਸ਼ਾ ਮੁਕਤੀ ਯਾਤਰਾ ਸਬੰਧੀ ਇਕੱਠਾਂ ਵਿੱਚ ਬੋਲਦਿਆਂ ਸੱਜਣ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਅਤੇ ਨਸ਼ਾ ਤਸਕਰਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜਾ ਕਰਨ ਨੂੰ ਯਕੀਨੀ ਬਣਾਉਣ ਲਈ ਇੱਕ ਅਟੱਲ




ਵਚਨਬੱਧਤਾ ਦਾ ਵਾਅਦਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਸ਼ਿਆਂ ਦੇ ਨੈੱਟਵਰਕਾਂ ਨੂੰ ਖਤਮ ਕਰਨ ਅਤੇ ਪੰਜਾਬ ਨੂੰ ਨਸ਼ਾਮੁਕਤ ਕਰਨ ਲਈ ਲਾਮਿਸਾਲ ਭੂਮਿਕਾ ਨਿਭਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਪੰਜਾਬ ਸਰਕਾਰ ਦਾ ਨਸ਼ਾ ਵਿਰੋਧੀ ਮੁਹਿੰਮ ਵਿੱਚ ਬਿਨਾ ਕਿਸੇ ਦਬਾਅ ਤੋਂ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜੇਕਰ ਪਿੰਡਾਂ ਦੀਆਂ ਪੰਚਾਇਤਾਂ ਨਸ਼ਾ ਮੁਕਤੀ ਦਾ ਪ੍ਰਣ ਲੈ ਲੈਣਗੀਆਂ ਤਾਂ ਨਸ਼ਾ ਜਾਂ ਨਸ਼ਾ ਤਸਕਰਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਰਹੇਗਾ।

# ਸ਼ਹਿਰ ਬਟਾਲਾ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਰਵਾਏ ਜਾਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ - ਜੋਬਨ ਰੰਧਾਵਾ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਇੱਕ ਮੀਟਿੰਗ ਕੀਤੀ ਗਈ - ਮੁਖਦੇਵ ਸਿੰਘ ਆਲੋਵਾਲ

ਗੁਰਦਾਸਪੁਰ ( ਜਸਵਿੰਦਰ ਸਿੰਘ ) - ਬਟਾਲਾ ਸ਼ਹਿਰ ਦੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਇੱਕ ਮੀਟਿੰਗ ਕੀਤੀ ਗਈ ਜਿਸ ਮੀਟਿੰਗ ਵਿੱਚ ਅਹਿਮ ਫੈਸਲੇ ਲਏ ਗਏ ਜ਼ਿਲਾ ਪ੍ਰਧਾਨ ਜੋਬਨ ਰੰਧਾਵਾ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਜੋ ਪਿਛਲੇ ਸਾਲ ਜੋ ਕਮੀਆਂ ਰਹਿ ਗਈਆਂ ਹਨ ਉਸ ਨੂੰ ਇਸ ਸਾਲ ਪੂਰਾ ਕੀਤਾ ਜਾਏਗਾ ਤੇ ਇਸ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਤੇ ਪੂਰੇ ਉਤਸਾਹ ਨਾਲ ਮਨਾਇਆ ਜਾਏਗਾ ਤੇ ਉਹਨਾਂ ਨੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਸਾਰੇ ਹੀ ਹੁਮ ਹੁਮਾ ਆ ਕੇ ਪਹੁੰਚਣ ਇਸ ਮੌਕੇ ਤੇ ਜਿਲਾ ਪ੍ਰਧਾਨ ਜੋਬਨ ਰੰਧਾਵਾ, ਜ਼ਿਲ੍ਹਾ ਜਰਨਲ ਸਕੱਤਰ ਜਗਜੀਤ ਸਿੰਘ ਪਿੰਟਾ, ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਬੁਲਾਰਾ, ਰਣਜੀਤ ਸਿੰਘ ਬਾਠ ਚੇਅਰਮੈਨ ਮਾਰਕੀਟ ਕਮੇਟੀ, ਬਲਜੀਤ ਸਿੰਘ ਖਾਲਸਾ ਚੇਅਰਮੈਨ, ਗੁਰਪ੍ਰੀਤ ਸਿੰਘ ਸੰਗਠਨ ਇੰਚਾਰਜ, ਦਲਜੀਤ ਲੱਕੀ ਸੰਗਠਨ ਇੰਚਾਰਜ, ਡਾਕਟਰ ਭੰਦੇਰ ਚੇਅਰਮੈਨ ਕਾਹਨੂਵਾਨ, ਭਾਰਤ ਭੂਸ਼ਣ ਸ਼ਰਮਾ ਚੇਅਰਮੈਨ ਮਾਰਕੀਟ ਕਮੇਟੀ ਗੁਰਦਾਸਪੁਰ ਹਾਜ਼ਰ ਰਹੇ



# ਸੋਸ਼ਲ ਮੀਡੀਆ ਸਾਨੂੰ ਆਪਣੀ ਜ਼ਿੰਦਗੀ ਵਿੱਚ ਨਿਰਾਸ਼ ਕਰਦਾ ਹੈ

**ਵਿਜੇ ਗਰਗ**

ਆਪਣੇ ਹਾਲੀਆ ਅਧਿਐਨ ਵਿੱਚ, ਯੂਰਪੀਅਨ ਕਮਿਸ਼ਨ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ 'ਤੇ ਹਾਈਪਰਐਕਟੀਵਿਟੀ ਕਾਰਨ ਤਣਾਅ ਅਤੇ ਥਕਾਵਟ ਤੋਂ ਪੀੜਤ ਹੈ। ਭਾਰਤੀ ਸਮਾਜ ਸ਼ਾਸਤਰੀ, ਡਾਕਟਰ ਅਤੇ ਮੀਡੀਆ ਵੀ ਲੰਬੇ ਸਮੇਂ ਤੋਂ ਇਸ ਸੰਕਟ ਬਾਰੇ ਚੇਤਾਵਨੀ ਦਿੰਦੇ ਆ ਰਹੇ ਹਨ। ਪਰ ਜਦੋਂ ਕੋਈ ਮੁਹਿੰਮ ਜਾਂ ਅਧਿਐਨ ਪੱਛਮੀ ਦੁਨੀਆ ਤੋਂ ਆਉਂਦਾ ਹੈ, ਤਾਂ ਅਸੀਂ ਇਸਨੂੰ ਵਿਸ਼ੇਸ਼ ਮਹੱਤਵ ਦੇਣਾ ਸ਼ੁਰੂ ਕਰ ਦਿੰਦੇ ਹਾਂ। ਹੁਣ ਜਦੋਂ ਯੂਰਪੀਅਨ ਕਮਿਸ਼ਨ ਜਨਰੇਸ਼ਨ ➢ ਬਾਰੇ ਆਪਣੇ ਨਤੀਜੇ ਸਾਹਮਣੇ ਲਿਆ ਰਿਹਾ ਹੈ, ਤਾਂ ਭਾਰਤ ਵਿੱਚ ਇਸਦੀ ਨਵੇਂ ਸਿਰਿਓਂ ਚਰਚਾ ਹੋਣ ਲੱਗੀ ਹੈ। ਵਿਡੰਬਨਾ ਇਹ ਹੈ ਕਿ ਇਹ ਪਿਛਲੀ ਸਦੀ ਦੇ ਆਖਰੀ ਸਾਲਾਂ ਤੋਂ ਇਸ ਸਦੀ ਦੇ ਪਹਿਲੇ ਦਹਾਕੇ ਤੱਕ ਪੈਦਾ ਹੋਏ ਬੱਚਿਆਂ ਦੀ ਪਹਿਲੀ ਪੀੜ੍ਹੀ ਹੈ, ਜਿਨ੍ਹਾਂ ਨੂੰ ਛੋਟੀ ਉਮਰ ਵਿੱਚ ਹੀ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਦੇ ਸੰਪਰਕ ਵਿੱਚ ਆਉਣ ਦਾ ਮੌਕਾ ਮਿਲਿਆ। ਇਹ ਪੀੜ੍ਹੀ ਰਵਾਇਤੀ ਮਾਪਦੰਡਾਂ ਨੂੰ ਚੁਣੌਤੀ ਦੇ ਕੇ ਇੱਕ ਨਵਾਂ ਦਿਸ਼ਾ ਲੱਭਣ ਲਈ ਸੰਘਰਸ਼ ਕਰ ਰਹੀ ਹੈ। ਇਸ ਪੀੜ੍ਹੀ ਨੇ ਰਵਾਇਤੀ ਜੀਵਨ ਕਦਰਾਂ-ਕੀਮਤਾਂ ਨੂੰ ਤਿਆਗ ਕੇ ਆਪਣੀਆਂ ਇੱਛਾਵਾਂ ਪੂਰੀਆਂ ਕੀਤੀਆਂ। ਇਸ ਦੇ ਨਾਲ ਹੀ, ਇਸ ਨੇ ਇੱਕ ਨਵੇਂ ਦ੍ਰਿਸ਼ਟੀਕੋਣ ਦੀ ਜੀਵਨ ਸ਼ੈਲੀ ਅਪਣਾਈ। ਇਸ ਪੀੜ੍ਹੀ ਨੂੰ ਡਿਜੀਟਲ ਯੁੱਗ ਦੇ ਨਾਲ ਤਾਲਮੇਲ ਰੱਖਦੇ ਹੋਏ ਦੇਖਿਆ ਗਿਆ। ਇੰਟਰਨੈੱਟ ਦੇ ਵਿਸਥਾਰ ਦੇ ਨਾਲ, ਇਸਨੂੰ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਨਾਲ ਆਰਾਮਦਾਇਕ ਦੇਖਿਆ ਗਿਆ। ਪਰ ਕਾਲਪਨਿਕ ਜ਼ਮੀਨ 'ਤੇ ਵਧਿਆ ਸੋਸ਼ਲ ਮੀਡੀਆ, ਇਸ ਪੀੜ੍ਹੀ ਨੂੰ ਹਕੀਕਤ ਤੋਂ ਬਹੁਤ ਦੂਰ ਲੈ ਗਿਆ। ਨਤੀਜੇ ਵਜੋਂ, ਕਠੋਰ ਹਕੀਕਤ ਨਾਲ ਜੂਝਦੇ ਹੋਏ, ਇਹ ਪੀੜ੍ਹੀ ਕਲਪਨਾ ਅਤੇ ਹਕੀਕਤ ਦੇ ਟਕਰਾਅ ਕਾਰਨ ਤਣਾਅ ਅਤੇ ਬੇਅਰਾਮੀ ਦੇ ਚੱਕਰਵਿਊ ਵਿੱਚ ਫਸ ਗਈ। ਯੂਰਪੀਅਨ ਕਮਿਸ਼ਨ ਦਾ ਅਧਿਐਨ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ 'ਤੇ ਲਗਾਤਾਰ ਸਰਗਰਮੀ ਕਾਰਨ ਨੌਜਵਾਨਾਂ ਵਿੱਚ ਚਿੰਤਾ, ਮਾਨਸਿਕ ਥਕਾਵਟ, ਕੁਝ ਗੁਆਉਣ ਦਾ ਡਰ ਅਤੇ ਮੋਬਾਈਲ ਨਾਲ ਚਿਪਕਣ ਦੀਆਂ ਵਿਗਾੜਾਂ ਸਾਹਮਣੇ ਆਈਆਂ ਹਨ। ਇੱਥੇ ਇਹ ਦੱਸਣ ਯੋਗ ਹੈ ਕਿ ਸਾਲ 2024 ਦੀ ਵਿਸ਼ਵ ਖੁਸ਼ੀ ਸੂਚਕਾਂਕ ਰਿਪੋਰਟ ਵਿੱਚ ਵੀ ਇਨ੍ਹਾਂ ਖ਼ਤਰਿਆਂ ਵੱਲ ਇਸ਼ਾਰਾ ਕੀਤਾ ਗਿਆ ਸੀ। ਇਸ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਨੌਜਵਾਨ ਸਭ ਤੋਂ ਵੱਧ ਦੁਖੀ ਹਨ। ਹੈਰਾਨੀ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਵਿੱਚ ਤਣਾਅ ਅਤੇ ਉਦਾਸੀ ਦਾ ਕਾਰਨ ਪੜ੍ਹਾਈ ਜਾਂ ਕਰੀਅਰ ਦੀ ਚਿੰਤਾ ਨਹੀਂ ਸੀ ਸਗੋਂ ਇਸਦਾ ਮੁੱਖ ਕਾਰਨ ਸੋਸ਼ਲ ਮੀਡੀਆ ਸੀ।



ਦਰਅਸਲ, ਕੋਰੋਨਾ ਸੰਕਟ ਨੂੰ ਦੂਰ ਕਰਨ ਲਈ ਅਸੀਂ ਜਿਸ ਔਨਲਾਈਨ ਪ੍ਰਣਾਲੀ ਨੂੰ ਹਥਿਆਰ ਵਜੋਂ ਅਪਣਾਇਆ ਸੀ, ਉਹ ਸਮੇਂ ਦੇ ਨਾਲ ਇੱਕ ਹਥਿਆਰ ਬਣ ਗਈ ਅਤੇ ਨੌਜਵਾਨ ਪੀੜ੍ਹੀ ਨੂੰ ਨੁਕਸਾਨ ਪਹੁੰਚਾਉਣ ਲੱਗੀ। ਇਹ ਧਿਆਨ ਦੇਣ ਯੋਗ ਹੈ ਕਿ ਜਦੋਂ ਵਿਸ਼ਵਵਿਆਪੀ ਕੋਰੋਨਾ ਮਹਾਂਮਾਰੀ ਦੌਰਾਨ ਸੰਚਾਰ ਪਾਬੰਦੀ ਲਾਗੂ ਕੀਤੀ ਗਈ, ਤਾਂ ਪੂਰੀ ਦੁਨੀਆ ਵਿੱਚ ਜੀਵਨ ਠੱਪ ਹੋ ਗਿਆ। ਜਿਸ ਕਾਰਨ ਇੰਟਰਨੈੱਟ ਆਪਣੇ ਘਰਾਂ ਵਿੱਚ ਕੈਦ ਲੋਕਾਂ ਲਈ ਆਖਰੀ ਸਹਾਰਾ ਜਾਪਦਾ ਸੀ। ਹੌਲੀ-ਹੌਲੀ, ਨੌਜਵਾਨਾਂ ਦੀ ਜ਼ਿੰਦਗੀ ਇੰਟਰਨੈੱਟ 'ਤੇ ਬਹੁਤ ਨਿਰਭਰ ਹੋ ਗਈ। ਜਿੱਥੇ ਵਿਦਿਆਰਥੀਆਂ ਦੀ ਪੜ੍ਹਾਈ ਔਨਲਾਈਨ ਕਲਾਸਾਂ 'ਤੇ ਨਿਰਭਰ ਹੋ ਗਈ, ਉੱਥੇ ਹੀ ਮਨੋਰੰਜਨ ਦੀ ਦੁਨੀਆ ਵੀ ਮੋਬਾਈਲ ਆਦਿ ਤੱਕ ਸੀਮਤ ਹੋ ਗਈ। ਦੂਜੇ ਪਾਸੇ, ਨੌਜਵਾਨਾਂ ਲਈ ਸਿੱਖਿਆ ਅਤੇ ਕਰੀਅਰ ਦਾ ਦਬਾਅ ਵੀ ਉਹੀ ਰਿਹਾ। ਪਰ ਅਸਲੀਅਤ ਇਹ ਹੈ ਕਿ ਜ਼ਿੰਦਗੀ ਵਿੱਚ ਸਭ ਕੁਝ ਔਨਲਾਈਨ ਕਰਨਾ ਸੰਭਵ ਨਹੀਂ ਹੈ। ਜ਼ਿੰਦਗੀ ਸਿਰਫ ਸਾਡੀ ਕਠੋਰ ਹਕੀਕਤ ਅਤੇ ਸਮਾਜਿਕ ਭਾਗੀਦਾਰੀ ਨਾਲ ਚੱਲਦੀ ਹੈ। ਹਾਲਾਂਕਿ, ਇਸ ਸਮੇਂ ਸਾਡਾ ਵਿਸ਼ਵਵਿਆਪੀ ਵਾਤਾਵਰਣ ਵੀ ਘੱਟ ਅਸ਼ਾਂਤ ਨਹੀਂ ਹੈ। ਜਦੋਂ ਤੱਕ ਦੁਨੀਆ ਦੀਆਂ ਅਰਥਵਿਵਸਥਾਵਾਂ ਕੋਰੋਨਾ ਕਾਲ ਦੇ ਝਟਕੇ ਤੋਂ ਉਭਰ ਸਕੀਆਂ, ਦੁਨੀਆ ਵਿੱਚ ਬਹੁਤ ਸਾਰੀਆਂ ਜੰਗਾਂ ਅਤੇ ਖੇਤਰੀ ਟਕਰਾਵਾਂ ਨੇ ਪੂਰੀ ਦੁਨੀਆ ਦੀ ਆਰਥਿਕਤਾ ਦੀ ਕੁਦਰਤੀ ਗਤੀ ਨੂੰ ਰੋਕ ਦਿੱਤਾ। ਬਿਨਾਂ ਸ਼ੱਕ, ਰੂਸ-ਯੂਕਰੇਨ ਯੁੱਧ, ਇਜ਼ਰਾਈਲ-ਹਮਾਸ ਟਕਰਾਅ ਅਤੇ ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਨੇ ਵਿਸ਼ਵ ਵਿਕਾਸ ਦੀ ਕੁਦਰਤੀ ਗਤੀ ਨੂੰ ਵਿਗਾੜ ਦਿੱਤਾ, ਜਿਸਦਾ ਨੌਜਵਾਨ ਪੀੜ੍ਹੀ 'ਤੇ ਮਾੜਾ ਪ੍ਰਭਾਵ ਪਿਆ। ਵਿਸ਼ਵਵਿਆਪੀ ਟਕਰਾਅ ਤੋਂ ਇਲਾਵਾ, ਆਪਣੇ ਦੇਸ਼ਾਂ ਵਿੱਚ ਨੌਜਵਾਨਾਂ ਦੀਆਂ ਪ੍ਰਤੀਕੂਲ ਸਥਿਤੀਆਂ ਅਤੇ ਜਲਵਾਯੂ ਪਰਿਵਰਤਨ ਦੇ ਕਾਰਕਾਂ ਕਾਰਨ ਸੁੰਗੜਦੇ ਰੁਜ਼ਗਾਰ ਦੇ ਮੌਕਿਆਂ ਨੇ ਵੀ ਨਵੀਂ ਪੀੜ੍ਹੀ ਨੂੰ ਨਿਰਾਸ਼ ਕੀਤਾ। ਇਸ ਦੇ ਬਾਵਜੂਦ, ਨੌਜਵਾਨ ਪੀੜ੍ਹੀ ਸੋਸ਼ਲ ਮੀਡੀਆ ਵਿੱਚ ਰੁੱਝੀ ਰਹੀ, ਜਿਸਦਾ ਜੀਵਨ ਦੀਆਂ ਠੋਸ ਹਕੀਕਤਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਨੌਜਵਾਨਾਂ ਦਾ ਹਕੀਕਤ ਨਾਲ ਜੂਝਦੇ ਹੋਏ ਨਿਰਾਸ਼ ਅਤੇ ਨਿਰਾਸ਼ ਮਹਿਸੂਸ ਕਰਨਾ ਸੁਭਾਵਿਕ ਹੈ। ਸਮੇਂ ਦੇ ਨਾਲ, ਉਨ੍ਹਾਂ ਦੇ ਵਿਸ਼ਵਾਸ 'ਤੇ ਵੀ ਅਸਰ ਪਿਆ। ਕੁਝ ਦੇਸ਼ਾਂ ਨੇ ਸੋਸ਼ਲ ਮੀਡੀਆ ਨੂੰ ਨਿਯਮਤ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਕੋਸ਼ਿਸ਼ਾਂ ਸਫਲ ਨਹੀਂ ਹੋਈਆਂ। ਅਜਿਹੀ ਸਥਿਤੀ ਵਿੱਚ, ਸਰਕਾਰਾਂ ਨੂੰ ਸਕ੍ਰੀਨ ਟਾਈਮ ਨੂੰ ਨਿਯਮਤ ਕਰਨ ਦੇ ਨਾਲ-ਨਾਲ ਸਿੱਖਿਆ ਅਤੇ ਰਚਨਾਤਮਕ ਸੰਵਾਦ ਨੂੰ ਉਤਸ਼ਾਹਿਤ ਕਰਨ ਲਈ ਸੋਸ਼ਲ ਮੀਡੀਆ ਦੀ ਬਿਹਤਰ ਵਰਤੋਂ ਕਰਨ ਦੀ ਜ਼ਰੂਰਤ ਹੈ।

**ਵਿਜੇ ਗਰਗ ਰਿਟਾਇਰਡ ਪ੍ਰਿੰਸੀਪਲ ਮਲੋਟ ਪੰਜਾਬ**

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਕਈ ਬੋਲੀਆਂ, ਇੱਕ ਰਾਸ਼ਟਰ : ਭਾਰਤ ਵਿੱਚ ਭਾਸ਼ਾਈ ਵਿਭਿੰਨਤਾ 'ਤੇ ਬਹਿਸ

## (ਇੱਕ ਰਾਸ਼ਟਰ, ਕਈ ਆਵਾਜ਼ਾਂ: ਭਾਰਤ ਵਿੱਚ ਭਾਸ਼ਾਈ ਵਿਭਿੰਨਤਾ)

**ਵਿਜੈ ਗਰਗ**

**ਲੋਕ ਬਾਣੀ**

ਭਾਰਤ ਆਪਣੇ ਕਈ ਖੇਤਰਾਂ ਵਿੱਚ ਬਹੁਤ ਸਾਰੀਆਂ ਪ੍ਰਾਚੀਨ ਅਤੇ ਭਾਸ਼ਾਈ ਤੌਰ 'ਤੇ ਅਮੀਰ ਭਾਸ਼ਾਵਾਂ ਦਾ ਘਰ ਹੈ। ਇੱਕ ਘਰ ਵਿੱਚ, ਇੱਕ ਨੌਜਵਾਨ ਆਪਣੇ ਦਾਦਾ-ਦਾਦੀ ਨਾਲ, ਉਦਾਹਰਨ ਲਈ, ਉੜੀਆ (ਪੂਰਬੀ ਰਾਜ ਓਡੀਸ਼ਾ ਵਿੱਚ ਬੋਲੀ ਜਾਂਦੀ ਭਾਸ਼ਾ) ਬੋਲ ਸਕਦਾ ਹੈ, ਹੋਮਵਰਕ ਲਈ ਅੰਗਰੇਜ਼ੀ ਵਿੱਚ ਬਦਲ ਸਕਦਾ ਹੈ, ਅਤੇ ਯੂਟਿਊਬ 'ਤੇ ਹਿੰਦੀ ਗੀਤ ਸੁਣਨ ਦਾ ਆਨੰਦ ਮਾਣ ਸਕਦਾ ਹੈ।

ਉਲਝਣ ਤੋਂ ਦੂਰ, ਇਹ ਸਹਿ-ਹੋਂਦ ਜ਼ਰੂਰੀ ਅਤੇ ਕੁਦਰਤੀ ਹੈ। ਇਹ ਇੱਕ ਅਜਿਹੇ ਰਾਸ਼ਟਰ ਦੀ ਪਛਾਣ ਹੈ ਜਿੱਥੇ ਭਾਸ਼ਾਈ ਵਿਭਿੰਨਤਾ ਨੂੰ ਦੂਰ ਕਰਨ ਲਈ ਇੱਕ ਰੁਕਾਵਟ ਬਣਨ ਦੀ ਬਜਾਏ ਇੱਕ ਤਾਕਤ ਵਜੋਂ ਅਪਣਾਇਆ ਜਾਂਦਾ ਹੈ।

[ਭਾਰਤੀ ਭਾਸ਼ਾਵਾਂ] ਨੇ ਹਮੇਸ਼ਾ ਇੱਕ ਦੂਜੇ ਨੂੰ ਪ੍ਰਭਾਵਿਤ ਅਤੇ ਅਮੀਰ ਬਣਾਇਆ ਹੈ, ਉਸਨੇ ਕਿਹਾ। ਇਹ ਸਾਡੀ ਸਮਾਜਿਕ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਆਪ ਨੂੰ ਅਜਿਹੀਆਂ ਗਲਤ ਧਾਰਨਾਵਾਂ ਤੋਂ ਦੂਰ ਰੱਖੀਏ ਅਤੇ ਸਾਰੀਆਂ ਭਾਸ਼ਾਵਾਂ ਨੂੰ ਅਪਣਾਈਏ ਅਤੇ ਅਮੀਰ ਬਣਾਈਏ। ਉਨ੍ਹਾਂ ਦੀਆਂ ਟਿੱਪਣੀਆਂ ਨੇ ਇੱਕ ਵਿਸ਼ਾਲ ਸੰਦੇਸ਼ ਨੂੰ ਹੋਰ ਮਜ਼ਬੂਤ ਕੀਤਾ: ਕਿ ਭਾਸ਼ਾਈ ਵਿਭਿੰਨਤਾ ਕੋਈ ਰੁਕਾਵਟ ਨਹੀਂ ਹੈ, ਸਗੋਂ ਇੱਕ ਸਾਂਝੀ ਸੱਭਿਆਚਾਰਕ ਤਾਕਤ ਹੈ ਜੋ ਭਾਰਤ ਨੂੰ ਇਕੱਠੇ ਬੰਨ੍ਹਦੀ ਹੈ।

ਪਰ ਇੰਨੇ ਵਿਭਿੰਨ ਦੇਸ਼ ਵਿੱਚ ਭਾਸ਼ਾ ਇੱਕ ਰਾਜਨੀਤਿਕ ਤੌਰ 'ਤੇ ਵੰਡਣ ਵਾਲਾ ਮੁੱਦਾ ਵੀ ਹੋ ਸਕਦੀ ਹੈ। ਅਤੇ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੇ ਮੈਂਬਰਾਂ ਦੀ ਭਾਰਤ ਦੇ ਅੰਦਰ ਹਿੰਦੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੀ ਵਰਤੋਂ ਨੂੰ ਆਕਾਰ ਦੇਣ ਦੀ ਕੋਸ਼ਿਸ਼ ਵਜੋਂ ਵੇਖੇ ਜਾਣ ਵਾਲੇ ਸ਼ਬਦਾਂ ਅਤੇ ਕਾਰਵਾਈਆਂ ਲਈ ਆਲੋਚਨਾ ਕੀਤੀ ਗਈ ਹੈ। ਦੇਸ਼ ਦੀ ਭਾਸ਼ਾਈ ਗੁੰਝਲਤਾ ਦੇ ਕਾਰਨ, ਸਥਿਤੀ ਨੂੰ ਨੈਵੀਗੇਟ ਕਰਨਾ ਹਮੇਸ਼ਾਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਗੁੰਝਲਦਾਰ ਹੁੰਦਾ ਹੈ।

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਭਾਰਤ ਵਿੱਚ ਕੁੱਲ 19,500 ਭਾਸ਼ਾਵਾਂ ਜਾਂ ਉਪਭਾਸ਼ਾਵਾਂ ਹਨ ਜੋ ਮਾਤ ਭਾਸ਼ਾਵਾਂ ਵਜੋਂ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 22 ਭਾਸ਼ਾਵਾਂ ਨੂੰ ਭਾਰਤੀ ਸੰਵਿਧਾਨ ਅਧੀਨ ਅਧਿਕਾਰਤ ਭਾਸ਼ਾਵਾਂ ਵਜੋਂ ਮਾਨਤਾ ਪ੍ਰਾਪਤ ਹੈ।

2011 ਦੀ ਮਰਦਮਸ਼ੁਮਾਰੀ ਵਿੱਚ ਪਾਇਆ ਗਿਆ ਕਿ 44% ਭਾਰਤੀ, ਲਗਭਗ 528 ਮਿਲੀਅਨ ਲੋਕ, ਹਿੰਦੀ ਨੂੰ ਆਪਣੀ ਪਹਿਲੀ ਭਾਸ਼ਾ ਵਜੋਂ ਬੋਲਦੇ ਹਨ (ਭਾਵ ਘਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ)। ਇਸੇ ਤਰ੍ਹਾਂ, ਲਗਭਗ 57% ਲੋਕ ਇਸਨੂੰ ਦੂਜੀ ਜਾਂ ਤੀਜੀ ਭਾਸ਼ਾ ਵਜੋਂ ਵਰਤਦੇ ਹਨ।



ਇਸਦਾ ਮਤਲਬ ਹੈ ਕਿ ਹਿੰਦੀ ਦੀ ਸਾਰੇ ਖੇਤਰਾਂ ਵਿੱਚ ਵਿਆਪਕ ਮੌਜੂਦਗੀ ਹੈ, ਪਰ ਇਹ ਕਈ ਹੋਰ ਭਾਸ਼ਾਵਾਂ ਦੇ ਨਾਲ ਮੌਜੂਦ ਹੈ ਜਿਨ੍ਹਾਂ ਦਾ ਮੁੱਲ ਬਰਾਬਰ ਹੈ, ਜਿਸ ਵਿੱਚ ਮਰਾਠੀ, ਬੰਗਾਲੀ (97 ਮਿਲੀਅਨ), ਤੇਲਗੂ (81 ਮਿਲੀਅਨ), ਤਾਮਿਲ (69 ਮਿਲੀਅਨ) ਅਤੇ ਮੀਤੇਈ (1.8 ਮਿਲੀਅਨ) ਸ਼ਾਮਲ ਹਨ।

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਭਾਰਤ ਵਿੱਚ ਪਹਿਲੀ, ਦੂਜੀ ਅਤੇ ਤੀਜੀ ਭਾਸ਼ਾ ਬੋਲਣ ਵਾਲਿਆਂ ਨੂੰ ਦਰਸਾਉਂਦੀ ਸਾਰਣੀ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਭਾਰਤ ਵਿੱਚ ਪਹਿਲੀ, ਦੂਜੀ ਅਤੇ ਤੀਜੀ ਭਾਸ਼ਾ ਬੋਲਣ ਵਾਲੇ। 2011 ਦੀ ਭਾਰਤੀ ਮਰਦਮਸ਼ੁਮਾਰੀ, 33 BY-NC-SA ਰਾਸ਼ਟਰੀ ਪੱਧਰ 'ਤੇ, ਭਾਰਤ ਦੀਆਂ ਦੋ ਸਰਕਾਰੀ ਭਾਸ਼ਾਵਾਂ ਹਨ: ਹਿੰਦੀ ਅਤੇ ਅੰਗਰੇਜ਼ੀ। ਕੇਂਦਰੀ ਸਰਕਾਰ ਦੇ ਅੰਦਰ ਸੰਚਾਰ ਲਈ ਹਿੰਦੀ ਦੀ ਵਰਤੋਂ ਕੀਤੀ ਜਾਂਦੀ ਹੈ, ਜਦੋਂ ਕਿ ਕਾਨੂੰਨੀ, ਪ੍ਰਸ਼ਾਸਕੀ ਅਤੇ ਅੰਤਰਰਾਸ਼ਟਰੀ ਮਾਮਲਿਆਂ ਵਿੱਚ ਅੰਗਰੇਜ਼ੀ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ। ਹਰੇਕ ਰਾਜ ਰਾਜ-ਪੱਧਰੀ ਸ਼ਾਸਨ ਲਈ ਆਪਣੀ ਸਰਕਾਰੀ ਭਾਸ਼ਾ(ਵਾਂ) ਚੁਣ ਸਕਦਾ ਹੈ। ਉਦਾਹਰਣ ਵਜੋਂ, ਤਾਮਿਲਨਾਡੂ ਤਾਮਿਲ ਦੀ ਵਰਤੋਂ ਕਰਦਾ ਹੈ, ਮਹਾਰਾਸ਼ਟਰ ਮਰਾਠੀ ਦੀ ਵਰਤੋਂ ਕਰਦਾ ਹੈ, ਅਤੇ ਇਸ ਤਰ੍ਹਾਂ ਦੇ ਹੋਰ ਵੀ।

ਪਰ ਰੋਜ਼ਾਨਾ ਜ਼ਿੰਦਗੀ ਵਿੱਚ, ਲੋਕ ਅਕਸਰ ਭਾਸ਼ਾਵਾਂ ਵਿੱਚ ਤਬਦੀਲੀ ਕਰਦੇ ਹਨ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੱਥੇ ਹਨ ਅਤੇ ਕਿਸ ਨਾਲ ਗੱਲ ਕਰ ਰਹੇ ਹਨ, ਘਰ ਵਿੱਚ, ਕੰਮ 'ਤੇ, ਜਾਂ ਜਨਤਕ ਥਾਵਾਂ 'ਤੇ। 2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਲਗਭਗ ਚਾਰ ਵਿੱਚੋਂ ਇੱਕ ਭਾਰਤੀ ਨੇ ਕਿਹਾ ਕਿ ਉਹ ਘੱਟੋ-ਘੱਟ ਦੋ ਭਾਸ਼ਾਵਾਂ ਬੋਲ ਸਕਦੇ ਹਨ, ਅਤੇ 7% ਤੋਂ ਵੱਧ ਨੇ ਕਿਹਾ ਕਿ ਉਹ ਤਿੰਨ ਬੋਲ ਸਕਦੇ ਹਨ।

ਭਾਰਤ ਨੇ 1960 ਦੇ ਦਹਾਕੇ ਵਿੱਚ ਸਿੱਖਿਆ ਵਿੱਚ ਤਿੰਨ-ਭਾਸ਼ਾਈ ਫਾਰਮੂਲਾ ਪੇਸ਼ ਕੀਤਾ। ਇਸ ਨੀਤੀ ਦਿਸ਼ਾ-ਨਿਰਦੇਸ਼ ਨੇ ਵਿਦਿਆਰਥੀਆਂ ਨੂੰ ਤਿੰਨ ਭਾਸ਼ਾਵਾਂ ਸਿੱਖਣ ਲਈ ਉਤਸ਼ਾਹਿਤ ਕੀਤਾ: ਉਨ੍ਹਾਂ ਦੀ ਖੇਤਰੀ ਮਾਤ ਭਾਸ਼ਾ, ਹਿੰਦੀ (ਜੇਕਰ ਇਹ ਪਹਿਲਾਂ ਹੀ ਉਨ੍ਹਾਂ ਦੀ ਪਹਿਲੀ ਭਾਸ਼ਾ ਨਹੀਂ ਹੈ) ਅਤੇ ਅੰਗਰੇਜ਼ੀ। ਇਸਦਾ ਉਦੇਸ਼ ਵੱਖ-ਵੱਖ ਰਾਜਾਂ ਵਿੱਚ ਇੱਕ ਲਚਕਦਾਰ ਅਤੇ ਸੰਮਲਿਤ ਪਹੁੰਚ ਪੈਦਾ ਕਰਨਾ ਸੀ।

2020 ਵਿੱਚ, ਮੋਦੀ ਸਰਕਾਰ ਨੇ ਇੱਕ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਪੇਸ਼ ਕੀਤੀ ਜਿਸ ਨੇ ਰਾਜਾਂ ਨੂੰ ਇਹ ਚੁਣਨ ਲਈ ਵਧੇਰੇ ਲਚਕਤਾ ਦਿੱਤੀ ਕਿ ਅੰਗਰੇਜ਼ੀ ਦੇ ਨਾਲ-ਨਾਲ ਕਿਹੜੀਆਂ ਦੋ ਭਾਰਤੀ ਭਾਸ਼ਾਵਾਂ ਸਿਖਾਈਆਂ ਜਾਣੀਆਂ ਚਾਹੀਦੀਆਂ ਹਨ, ਪਰ ਸਾਰੇ ਰਾਜਾਂ ਵਿੱਚ ਇਸ ਸਿਫਾਰਸ਼ ਨੂੰ ਲਾਜ਼ਮੀ ਕਰ ਦਿੱਤਾ। ਇਸ ਨਾਲ ਕਈ ਰਾਜਾਂ ਵਿੱਚ ਪ੍ਰਤੀਕਿਰਿਆ ਹੋਈ ਹੈ ਕਿਉਂਕਿ ਕੁਝ ਲੋਕਾਂ ਨੂੰ ਡਰ ਹੈ ਕਿ ਇਹ ਪਿਛਲੇ ਦਰਵਾਜ਼ੇ ਦੁਆਰਾ ਹਿੰਦੀ ਸਿੱਖਿਆ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰੇਗਾ ਅਤੇ ਹੋਰ ਭਾਸ਼ਾਵਾਂ ਦੀ ਵਰਤੋਂ ਨੂੰ ਕਮਜ਼ੋਰ ਕਰ ਦੇਵੇਗਾ।

ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੁਆਰਾ ਭਾਰਤ ਦੀਆਂ ਸਰਕਾਰੀ ਭਾਸ਼ਾਵਾਂ ਦਰਸਾਉਂਦਾ ਨਕਸ਼ਾ। ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੁਆਰਾ ਭਾਰਤ ਦੀਆਂ ਸਰਕਾਰੀ ਭਾਸ਼ਾਵਾਂ। ਵਿਕੀਮੀਡੀਆ ਕਾਮਨਜ਼ ਦੁਆਰਾ Sbb1413 ਭਾਰਤ ਵਿੱਚ ਅੰਗਰੇਜ਼ੀ ਦੀ ਭੂਮਿਕਾ ਬਾਰੇ ਵੀ ਕਾਫ਼ੀ ਬਹਿਸ ਚੱਲ ਰਹੀ ਹੈ, ਜਿਸਨੂੰ ਲਗਭਗ 10.6% ਭਾਰਤੀ ਕੁਝ ਹੱਦ ਤੱਕ ਬੋਲਦੇ ਹਨ ਪਰ ਕੁਝ ਲੋਕ ਇਸਨੂੰ ਬਸਤੀਵਾਦੀ ਸ਼ਾਸਨ ਦਾ ਇੱਕ ਅਵਸ਼ੇਸ਼ ਮੰਨਦੇ ਹਨ। ਮੋਦੀ ਨੇ ਖੁਦ ਸੁਝਾਅ ਦਿੱਤਾ ਹੈ ਕਿ ਇਹ ਮਾਮਲਾ ਹੈ ਅਤੇ ਅੰਗਰੇਜ਼ੀ ਦੀ ਅਧਿਕਾਰਤ ਵਰਤੋਂ ਨੂੰ ਘਟਾਉਣ ਲਈ ਕਾਰਵਾਈ ਕੀਤੀ ਹੈ, ਉਦਾਹਰਣ ਵਜੋਂ ਮੈਡੀਕਲ ਸਕੂਲਾਂ ਵਿੱਚ।

ਹਾਲਾਂਕਿ, ਉਸਨੇ ਅੰਗਰੇਜ਼ੀ ਦੀ ਮਹੱਤਤਾ ਨੂੰ ਵੀ ਸਵੀਕਾਰ ਕੀਤਾ ਹੈ, ਖਾਸ ਕਰਕੇ ਵਿਸ਼ਵਵਿਆਪੀ ਸੰਚਾਰ ਵਿੱਚ, ਅਤੇ ਦੇਸ਼ ਦੀ ਏਕਤਾ ਅਤੇ ਤਰੱਕੀ ਲਈ ਸਾਰੀਆਂ ਭਾਰਤੀ ਭਾਸ਼ਾਵਾਂ ਦੇ ਮਹੱਤਵ ਬਾਰੇ ਗੱਲ ਕੀਤੀ ਹੈ। ਸਾਰੀਆਂ ਭਾਸ਼ਾਵਾਂ ਨੂੰ ਗਲੇ ਲਗਾਉਣਾ ਸਾਡਾ ਫਰਜ਼ ਹੈ, ਉਸਨੇ ਮਹਾਰਾਸ਼ਟਰ ਵਿੱਚ ਹਾਜ਼ਰੀਨ ਨੂੰ ਕਿਹਾ, ਅਤੇ ਕਿਹਾ ਕਿ ਅੰਗਰੇਜ਼ੀ ਸਮੇਤ ਭਾਰਤੀ ਭਾਸ਼ਾਵਾਂ ਨੇ ਹਮੇਸ਼ਾ ਇੱਕ ਦੂਜੇ ਨੂੰ ਅਮੀਰ ਬਣਾਇਆ ਹੈ ਅਤੇ ਸਾਡੀ ਏਕਤਾ ਦੀ ਨੀਂਹ ਬਣਾਈ ਹੈ ।

ਬਹੁਤ ਸਾਰੇ ਲੋਕ ਭਾਸ਼ਾ ਨੂੰ ਭਾਰਤ ਦੇ ਕਈ ਭਾਸ਼ਾਈ ਭਾਈਚਾਰਿਆਂ ਵਿਚਕਾਰ ਇੱਕ ਕੜੀ ਵਜੋਂ ਦੇਖਦੇ ਹਨ। ਦੂਸਰੇ ਇਸਨੂੰ ਸਮਾਜਿਕ ਗਤੀਸ਼ੀਲਤਾ ਦਾ ਇੱਕ ਸਾਧਨ ਸਮਝਦੇ ਹਨ, ਖਾਸ ਕਰਕੇ ਹੇਠਲੀਆਂ ਜਾਤਾਂ ਲਈ। ਕੁਝ ਲੋਕਾਂ ਨੇ ਤਾਂ ਸਰਕਾਰ 'ਤੇ ਸਮਾਜਿਕ ਵਿਸ਼ੇਸ਼ ਅਧਿਕਾਰਾਂ ਨੂੰ ਬਣਾਈ ਰੱਖਣ ਅਤੇ ਹਿੰਦੀ ਦੇ ਦਬਦਬੇ ਨੂੰ ਉਤਸ਼ਾਹਿਤ ਕਰਨ ਲਈ ਅੰਗਰੇਜ਼ੀ ਨੂੰ ਨਿਰਾਸ਼ ਕਰਨਾ ਚਾਹੁੰਦਾ ਹੈ, ਇਸ ਲਈ ਇਹ ਵੀ ਦੋਸ਼ ਲਗਾਇਆ ਹੈ।

ਦੂਜੇ ਪਾਸੇ, 2020 ਦੀ ਰਾਸ਼ਟਰੀ ਸਿੱਖਿਆ ਨੀਤੀ ਅੰਗਰੇਜ਼ੀ ਪੜ੍ਹਾਉਣ ਨੂੰ ਲਾਜ਼ਮੀ ਬਣਾਉਂਦੀ ਹੈ। ਇਹ ਅੰਗਰੇਜ਼ੀ ਅਤੇ ਸਥਾਨਕ ਭਾਸ਼ਾਵਾਂ ਵਿੱਚ ਦੋਭਾਸ਼ੀ ਪਾਠ-ਪੁਸਤਕਾਂ ਦੀ ਸਿਫ਼ਾਰਸ਼ ਕਰਦੀ ਹੈ, ਅਤੇ ਇਹ ਕਿ ਪ੍ਰਾਇਮਰੀ ਸਿੱਖਿਆ ਵਿੱਚ ਮਾਤ ਭਾਸ਼ਾਵਾਂ ਦੇ ਨਾਲ-ਨਾਲ ਜਿੱਥੇ ਵੀ ਸੰਭਵ ਹੋਵੇ ਅੰਗਰੇਜ਼ੀ ਸਿਖਾਈ ਜਾਣੀ ਚਾਹੀਦੀ ਹੈ।

ਸਰਕਾਰ ਡਿਜੀਟਲ ਦੁਨੀਆ ਨੂੰ ਲੋਕਾਂ ਲਈ ਵਧੇਰੇ ਸੰਮਲਿਤ ਬਣਾਉਣ ਲਈ ਵੀ ਕਦਮ ਚੁੱਕ ਰਹੀ ਹੈ, ਭਾਵੇਂ ਉਨ੍ਹਾਂ ਦੀ ਭਾਸ਼ਾ ਕੋਈ ਵੀ ਹੋਵੇ। 2022 ਵਿੱਚ ਮੋਦੀ ਦੁਆਰਾ ਸ਼ੁਰੂ ਕੀਤਾ ਗਿਆ, ਭਾਸ਼ਿਣੀ ਪ੍ਰੋਜੈਕਟ ਇੱਕ ਰਾਸ਼ਟਰੀ ਏਆਈ ਪਹਿਲ ਹੈ ਜੋ ਸਾਰੀਆਂ 22 ਅਧਿਕਾਰਤ ਭਾਸ਼ਾਵਾਂ ਵਿੱਚ ਭਾਸ਼ਣ-ਤੋਂ-ਟੈਕਸਟ, ਰੀਅਲ-ਟਾਈਮ ਅਨੁਵਾਦ ਅਤੇ ਡਿਜੀਟਲ ਪਹੁੰਚਯੋਗਤਾ ਦਾ ਸਮਰਥਨ ਕਰਦਾ ਹੈ। ਇਸਦਾ ਉਦੇਸ਼ ਡਿਜੀਟਲ ਪਲੇਟਫਾਰਮਾਂ ਅਤੇ ਜਨਤਕ ਸੇਵਾਵਾਂ ਨੂੰ ਵਧੇਰੇ ਸੰਮਲਿਤ ਬਣਾਉਣਾ ਹੈ, ਖਾਸ ਕਰਕੇ ਪੇਂਡੂ ਅਤੇ ਦੂਰ-ਦੁਰਾਡੇ ਭਾਈਚਾਰਿਆਂ ਲਈ।

ਜਿਵੇਂ ਕਿ ਕਵੀ ਅਤੇ ਨੋਬਲ ਪੁਰਸਕਾਰ ਜੇਤੂ ਰਬਿੰਦਰਨਾਥ ਟੈਗੋਰ ਨੇ ਇੱਕ ਵਾਰ ਲਿਖਿਆ ਸੀ: ਜੇਕਰ ਪਰਮਾਤਮਾ ਚਾਹੁੰਦਾ, ਤਾਂ ਉਹ ਸਾਰੇ ਭਾਰਤੀਆਂ ਨੂੰ ਇੱਕ ਭਾਸ਼ਾ ਵਿੱਚ ਬੋਲਣ ਦਿੰਦਾ ... ਭਾਰਤ ਦੀ ਏਕਤਾ ਹਮੇਸ਼ਾ ਵਿਭਿੰਨਤਾ ਵਿੱਚ ਏਕਤਾ ਰਹੀ ਹੈ ਅਤੇ ਰਹੇਗੀ।

ਭਾਰਤ ਵਿੱਚ, ਅੱਜ ਬੱਚੇ ਆਪਣੀ ਮਾਤ ਭਾਸ਼ਾ ਬੋਲਦੇ ਹੋਏ ਵੱਡੇ ਹੁੰਦੇ ਹਨ, ਬਹੁਤ ਸਾਰੇ ਲੋਕ ਖੇਤਰਾਂ ਵਿੱਚ ਸੰਚਾਰ ਕਰਨ ਲਈ ਹਿੰਦੀ ਸਿੱਖਦੇ ਹਨ, ਅਤੇ ਵਿਸ਼ਵਵਿਆਪੀ ਸੰਪਰਕਾਂ ਲਈ ਅੰਗਰੇਜ਼ੀ ਹੁਨਰ ਪ੍ਰਾਪਤ ਕਰਦੇ ਹਨ। ਭਾਰਤ ਦਾ ਭਵਿੱਖ ਇੱਕ ਭਾਸ਼ਾ ਨੂੰ ਦੂਜੀ ਭਾਸ਼ਾ ਨਾਲੋਂ ਚੁਣਨ 'ਤੇ ਨਿਰਭਰ ਨਹੀਂ ਕਰਦਾ, ਸਗੋਂ ਉਹਨਾਂ ਨੂੰ ਨਾਲ-ਨਾਲ ਵਧਣ-ਫੁੱਲਣ ਦੇ ਯੋਗ ਬਣਾਉਣ 'ਤੇ ਨਿਰਭਰ ਕਰਦਾ ਹੈ।

ਭਾਸ਼ਾ ਸਿੱਖਣ ਦਾ ਮਤਲਬ ਹੈ ਇੱਕ ਹੋਰ ਖਿੜਕੀ ਹੋਣੀ ਜਿਸ ਤੋਂ ਦੁਨੀਆਂ ਨੂੰ ਦੇਖਿਆ ਜਾ ਸਕੇ। ਅਜਿਹੀਆਂ ਹਜ਼ਾਰਾਂ ਖਿੜਕੀਆਂ ਦੇ ਨਾਲ, ਭਾਰਤ ਦਾ ਭਵਿੱਖ ਏਕਤਾ ਅਤੇ ਵਿਭਿੰਨਤਾ ਦੋਵਾਂ ਵਿੱਚ ਜੜਿਆ ਹੋਇਆ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕ ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ**

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN •56 Colleges & Schools •200 Merit Positions •125 Companies For Placements •75 Academic Courses •2000 Placements In 2022 - 2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA

DIPS INSTITUTIONS
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998